


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Wednesday 25 March, 2026 | website: www.cee7news.com

## ਪੰਚਕੂਲਾ ਪੁਲਿਸ ਵੱਲੋਂ ਆਸਟ੍ਰੇਲੀਆ ਵੀਜ਼ਾ ਠੱਗੀ ਵਾਲਾ ਗਿਰੋਹ ਬੇਨਕਾਬ



ਹਰਿਆਣਾ ਦੀ ਪੰਚਕੂਲਾ ਪੁਲਿਸ ਦੀ ਐਂਟੀ ਇਮੀਗ੍ਰੇਸ਼ਨ ਫਰਾਡ ਯੂਨਿਟ ਨੇ ਵਿਦੇਸ਼ ਭੇਜਣ ਦੇ ਨਾਂ ਤੇ ਲੋਕਾਂ ਨੂੰ ਠੱਗਣ ਵਾਲੇ ਇੱਕ ਸੁਨਿਆਜਿਤ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਗਿਰੋਹ ਨੇ ਆਸਟ੍ਰੇਲੀਆ ਵਰਕ ਵੀਜ਼ਾ ਲਗਵਾਉਣ ਦੇ ਝਾਂਸੇ ਵਿੱਚ ਲੁਧਿਆਣਾ ਦੇ ਇੱਕ ਨੌਜਵਾਨ ਤੋਂ 12 ਲੱਖ ਰੁਪਏ ਦੀ ਠੱਗੀ ਮਾਰੀ ਸੀ। ਗਿਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਿਨ੍ਹਾਂ ਵਿੱਚ ਇੱਕ ਪਤੀ-ਪਤਨੀ ਵੀ ਸ਼ਾਮਲ ਹੈ। ਬਾਕੀ ਦੋ ਆਰੋਪੀ ਅਜੇ ਫਰਾਰ ਹਨ ਅਤੇ ਉਨ੍ਹਾਂ ਦੀ ਤਲਾਸ਼ ਜਾਰੀ ਹੈ।ਪੀੜਤ ਦੀ ਉਮਰ 22 ਸਾਲ ਹੈ ਅਤੇ ਉਸ ਦਾ ਨਾਂ ਜੀਵਨਜੋਤ ਸਿੰਘ ਹੈ। ਉਹ ਲੁਧਿਆਣਾ ਦਾ ਰਹਿਣ ਵਾਲਾ ਹੈ। ਉਸ ਨੇ ਆਸਟ੍ਰੇਲੀਆ ਵਿੱਚ ਵਰਕ ਵੀਜ਼ਾ ਲੈ ਕੇ ਨੌਕਰੀ ਕਰਨ ਦਾ ਸੁਪਨਾ ਵੇਖਿਆ ਸੀ। ਇਸ ਲਈ ਉਹ ਆਪਣੇ ਜੀਜਾ ਗੁਰਦੀਪ ਸਿੰਘ ਨਾਲ ਅੰਬਾਲਾ ਸ਼ਹਿਰ ਵਿਚਲੇ ਇੱਕ ਇਮੀਗ੍ਰੇਸ਼ਨ ਆਫਿਸ ਵਿੱਚ ਗਿਆ। ਉੱਥੇ ਉਸ ਦੀ ਮੁਲਾਕਾਤ ਹਰਭਜਨ ਸਿੰਘ, ਉਸ ਦੀ ਪਤਨੀ ਨੇਹਾ ਮੰਨਤ ਚੌਧਰੀ, ਹਰਪ੍ਰੀਤ ਉਰਫ ਬੰਪੀ ਅਤੇ ਚਿਰਾਗ ਨਰੂਲਾ ਨਾਲ ਹੋਈ। ਆਰੋਪੀਆਂ ਨੇ ਉਸ ਨੂੰ ਭਰੋਸਾ ਦਿਵਾਇਆ ਕਿ 12 ਲੱਖ ਰੁਪਏ ਵਿੱਚ ਆਸਟ੍ਰੇਲੀਆ ਦਾ ਵਰਕ ਵੀਜ਼ਾ ਲਗਵਾ ਦਿੱਤਾ ਜਾਵੇਗਾ। ਪੀੜਤ ਨੇ ਵੀਜ਼ਾ ਲੱਗਣ ਤੋਂ ਬਾਅਦ ਪੈਸੇ ਦੇਣ ਦੀ ਗੱਲ ਮੰਨ ਲਈ।ਪਹਿਲਾਂ ਆਰੋਪੀਆਂ ਨੇ ਪੀੜਤ ਦਾ ਪਾਸਪੋਰਟ ਅਤੇ ਲੋੜੀਂਦੇ ਦਸਤਾਵੇਜ ਲੈ ਲਏ। ਫਿਰ ਉਨ੍ਹਾਂ ਨੇ ਫੋਨ ਤੇ ਵੀਜ਼ਾ ਲੱਗ ਚੁੱਕਣ ਦੀ ਖਬਰ ਦਿੱਤੀ। 8 ਨਵੰਬਰ 2025 ਨੂੰ ਉਨ੍ਹਾਂ ਨੇ ਪੀੜਤ ਨੂੰ ਪੰਚਕੂਲਾ ਦੇ ਸੈਕਟਰ-5 ਵਿਚਲੇ ਇੱਕ ਰੈਸਟੋਰੈਂਟ ਵਿੱਚ ਬੁਲਾਇਆ। ਉੱਥੇ ਹਰਭਜਨ ਸਿੰਘ ਆਪਣੀ ਪਤਨੀ ਅਤੇ ਬਾਕੀ ਸਾਥੀਆਂ ਨਾਲ ਮੌਜੂਦ ਸੀ। ਪੀੜਤ ਨੇ ਉਨ੍ਹਾਂ ਨੂੰ 12 ਲੱਖ ਰੁਪਏ ਨਕਦ ਦੇ ਦਿੱਤੇ ਅਤੇ ਬਦਲੇ ਵਿੱਚ ਇੱਕ ਫਰਜ਼ੀ ਵੀਜ਼ਾ ਦਸਤਾਵੇਜ ਥਮਾ ਦਿੱਤਾ ਗਿਆ। ਭਰੋਸਾ ਵਧਾਉਣ ਲਈ ਆਰੋਪੀਆਂ ਨੇ ਵੀਜ਼ਾ ਨੂੰ ਆਨਲਾਈਨ ਵੀ ਚੈੱਕ ਕਰਵਾਇਆ।ਵੀਜ਼ਾ ਲੱਗਣ ਦੀ ਖੁਸ਼ੀ ਵਿੱਚ ਜੀਵਨਜੋਤ ਸਿੰਘ ਨੇ ਲਗਭਗ 3.50 ਲੱਖ ਰੁਪਏ ਖਰਚ ਕਰਕੇ ਸਿੰਗਾਪੁਰ ਏਅਰਲਾਈਨਜ਼ ਰਾਹੀਂ ਸਿਡਨੀ ਦੀ ਫਲਾਈਟ ਟਿਕਟ, ਬੀਮਾ ਅਤੇ ਹੋਟਲ ਬੁਕਿੰਗ ਕਰਵਾ ਲਈ। ਉਸ ਦੀ ਉਡਾਣ 11 ਦਸੰਬਰ 2025 ਨੂੰ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ, ਦਿੱਲੀ ਤੋਂ ਨਿਸ਼ਚਿਤ ਸੀ। ਪਰ ਜਦੋਂ ਉਸ ਨੇ ਆਨਲਾਈਨ ਚੈੱਕ ਕੀਤਾ ਤਾਂ ਵੀਜ਼ਾ ਫਰਜ਼ੀ ਨਿਕਲਿਆ। ਪੈਸੇ ਵਾਪਸ ਮੰਗਣ ਤੇ ਆਰੋਪੀਆਂ ਨੇ ਇਨਕਾਰ ਕਰ ਦਿੱਤਾ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ।ਪੀੜਤ ਨੇ ਇਸ ਘਟਨਾ ਦੀ ਸ਼ਿਕਾਇਤ ਪੰਚਕੂਲਾ ਦੇ ਸੈਕਟਰ-5 ਥਾਣੇ ਵਿੱਚ ਦਰਜ ਕਰਵਾਈ। ਪੁਲਿਸ ਨੇ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ। ਤਕਨੀਕੀ ਜਾਂਚ, ਵਟਸਐਪ ਚੈਟ ਅਤੇ ਬੈਂਕ ਸਟੇਟਮੈਂਟ ਆਦਿ ਸਬੂਤਾਂ ਦੇ ਆਧਾਰ ਤੇ ਪੁਲਿਸ ਨੇ ਪਹਿਲਾਂ ਹਰਪ੍ਰੀਤ ਸਿੰਘ ਉਰਫ ਬੰਪੀ ਨੂੰ ਲੁਧਿਆਣਾ ਤੋਂ ਗ੍ਰਿਫਤਾਰ ਕੀਤਾ।

## Cee7 NEWS ਪ੍ਰਧਾਨ ਮੰਤਰੀ ਮੋਦੀ ਅਤੇ ਟਰੰਪ ਵਿਚਾਲੇ ਫ਼ੋਨ 'ਤੇ ਹੋਈ ਅਹਿਮ ਚਰਚਾ

# ਮੋਦੀ-ਟਰੰਪ ਫੋਨ ਕਾਲ: ਸਟ੍ਰੇਟ ਆਫ ਹੋਰਮੁਜ਼ ਨੂੰ ਖੁੱਲ੍ਹਾ ਰੱਖਣ 'ਤੇ ਚਰਚਾ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵਿਚਾਲੇ ਅੱਜ ਫੋਨ ਰਾਹੀਂ ਇੱਕ ਮਹੱਤਵਪੂਰਨ ਗੱਲਬਾਤ ਹੋਈ। ਇਸ ਗੱਲਬਾਤ ਦਾ ਮੁੱਖ ਵਿਸ਼ਾ ਮੱਧ ਪੂਰਬ ਵਿੱਚ ਚੱਲ ਰਹੀ ਤਣਾਅ ਭਰੀ ਸਥਿਤੀ ਅਤੇ ਖਾਸ ਤੌਰ 'ਤੇ ਸਟ੍ਰੇਟ ਆਫ ਹੋਰਮੁਜ਼ ਨੂੰ ਖੁੱਲ੍ਹਾ ਰੱਖਣ ਦੀ ਲੋੜ ਸੀ। ਇਹ ਸਮੁੰਦਰੀ ਰਸਤਾ ਦੁਨੀਆਂ ਭਰ ਵਿੱਚ ਤੇਲ ਦੀ ਸਪਲਾਈ ਲਈ ਬਹੁਤ ਅਹਿਮ ਹੈ ਅਤੇ ਇਸ ਦੇ ਬੰਦ ਹੋਣ ਨਾਲ ਗਲੋਬਲ ਆਰਥਿਕਤਾ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

ਅਮਰੀਕੀ ਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਪਹਿਲਾਂ ਟਵਿੱਟਰ) 'ਤੇ ਇਸ ਗੱਲਬਾਤ ਦੀ ਜਾਣਕਾਰੀ ਦਿੱਤੀ। ਉਨ੍ਹਾਂ ਅਨੁਸਾਰ ਦੋਵਾਂ ਆਗੂਆਂ ਨੇ ਸਟ੍ਰੇਟ ਆਫ ਹੋਰਮੁਜ਼ ਨੂੰ ਖੁੱਲ੍ਹਾ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਰਸਤਾ ਓਮਾਨ ਅਤੇ ਇਰਾਨ ਵਿਚਕਾਰ ਇੱਕ ਤੰਗ ਸਮੁੰਦਰੀ ਗੁਜ਼ਾਰਗਾਹ ਹੈ। ਦੁਨੀਆਂ ਦਾ ਲਗਭਗ 20 ਤੋਂ 30 ਫੀਸਦੀ ਕੱਚਾ ਤੇਲ ਇਸੇ ਰਾਹੀਂ ਆਵਾਜਾਈ ਕਰਦਾ ਹੈ। ਭਾਰਤ ਵੀ ਆਪਣੀ ਤੇਲ ਦੀ ਲੋੜ ਦਾ ਵੱਡਾ ਹਿੱਸਾ ਖਾੜੀ ਦੇਸ਼ਾਂ ਤੋਂ ਇਸੇ ਰਸਤੇ ਰਾਹੀਂ ਮੰਗਵਾਉਂਦਾ ਹੈ।

ਵਰਤਮਾਨ ਸਮੇਂ ਵਿੱਚ ਇਰਾਨ ਅਤੇ ਇਜ਼ਰਾਈਲ ਵਿਚਾਲੇ ਚੱਲ ਰਹੀ ਲੜਾਈ ਕਾਰਨ ਇਸ ਸਟ੍ਰੇਟ ਵਿੱਚ ਤਣਾਅ ਵਧਿਆ ਹੋਇਆ ਹੈ। ਇਰਾਨ ਵੱਲੋਂ ਇਸ ਰਸਤੇ ਨੂੰ ਬੰਦ ਕਰਨ ਦੀਆਂ ਧਮਕੀਆਂ ਅਤੇ ਵਿਵਾਦਾਂ ਨੇ ਦੁਨੀਆਂ ਭਰ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਲਈ ਮੋਦੀ ਅਤੇ ਟਰੰਪ ਨੇ ਇਸ ਮੁੱਦੇ 'ਤੇ ਡੂੰਘਾਈ ਨਾਲ ਚਰਚਾ ਕੀਤੀ। ਦੋਵਾਂ ਨੇ ਸਹਿਮਤੀ ਜਤਾਈ ਕਿ ਜੇਕਰ ਇਹ ਰਸਤਾ ਪ੍ਰਭਾਵਿਤ ਹੁੰਦਾ ਹੈ ਤਾਂ ਇਸ ਦਾ ਅਸਰ ਸਿਰਫ ਮੱਧ ਪੂਰਬ ਤੱਕ ਹੀ ਸੀਮਤ ਨਹੀਂ ਰਹੇਗਾ ਬਲਕਿ ਪੂਰੀ ਦੁਨੀਆ ਦੀ ਆਰਥਿਕਤਾ, ਖਾਸ ਕਰਕੇ ਤੇਲ ਦੀਆਂ ਕੀਮਤਾਂ ਅਤੇ ਵਪਾਰ 'ਤੇ ਵੀ ਗੰਭੀਰ ਪ੍ਰਭਾਵ ਪਵੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਗੱਲਬਾਤ ਵਿੱਚ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਅਤੇ ਵਪਾਰਕ ਰਸਤਿਆਂ ਦੀ ਸੁਰੱਖਿਆ ਲਈ ਭਾਰਤ ਦੇ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ। ਭਾਰਤ ਇਰਾਨ ਨਾਲ ਵੀ ਚੰਗੇ ਰਾਜਨੀਤਿਕ ਅਤੇ ਆਰਥਿਕ ਸਬੰਧ ਰੱਖਦਾ ਹੈ ਅਤੇ ਅਮਰੀਕਾ ਨਾਲ ਵੀ ਰਣਨੀਤਕ ਭਾਈਵਾਲੀ ਹੈ। ਇਸ ਲਈ ਭਾਰਤ ਇਸ ਤਣਾਅ ਨੂੰ ਘਟਾਉਣ ਵਿੱਚ ਇੱਕ ਵਿਚੋਲੇ ਵਜੋਂ ਭੂਮਿਕਾ ਨਿਭਾ ਸਕਦਾ ਹੈ। ਟਰੰਪ ਨੇ ਵੀ ਮੱਧ ਪੂਰਬ ਵਿੱਚ ਅਮਰੀਕਾ ਦੀ ਰਣਨੀਤੀ ਬਾਰੇ ਮੋਦੀ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਭਾਰਤ ਦੀ ਭੂਮਿਕਾ ਨੂੰ ਬਹੁਤ ਅਹਿਮ ਦੱਸਿਆ।ਇਸ ਫੋਨ ਕਾਲ ਦਾ ਬੈਕਗ੍ਰਾਊਂਡ ਵੀ ਬਹੁਤ ਮਹੱਤਵਪੂਰਨ ਹੈ। ਹਾਲ ਹੀ ਵਿੱਚ ਇਰਾਨ ਵਿੱਚ ਅਲੀ ਲਾਰੀਜਾਨੀ ਦੀ ਮੌਤ ਤੋਂ ਬਾਅਦ ਹਾਲਾਤ ਹੋਰ ਨਾਜ਼ੁਕ ਬਣ ਗਏ ਹਨ। ਇਜ਼ਰਾਈਲ ਅਤੇ ਅਮਰੀਕਾ ਵੱਲੋਂ ਇਰਾਨ ਖਿਲਾਫ ਚੱਲ ਰਹੀਆਂ ਕਾਰਵਾਈਆਂ ਅਤੇ ਇਰਾਨ ਵੱਲੋਂ ਵਿਰੋਧੀ ਧਮਕੀਆਂ ਨੇ ਪੂਰੇ ਖੇਤਰ ਨੂੰ ਅਸਥਿਰ ਬਣਾ ਦਿੱਤਾ ਹੈ। ਇਸ ਸਥਿਤੀ ਵਿੱਚ ਸਟ੍ਰੇਟ ਆਫ ਹੋਰਮੁਜ਼ ਵਿੱਚ ਵਪਾਰੀ ਜਹਾਜ਼ਾਂ 'ਤੇ ਹਮਲਿਆਂ ਦੀਆਂ ਘਟਨਾਵਾਂ ਵੀ ਵਧੀਆਂ ਹਨ। ਭਾਰਤ ਲਈ ਇਹ ਰਸਤਾ ਬੰਦ ਹੋਣਾ ਬਹੁਤ ਨੁਕਸਾਨਦੇਹ ਹੋਵੇਗਾ ਕਿਉਂਕਿ ਭਾਰਤ ਆਪਣੀ ਊਰਜਾ ਲੋੜਾਂ ਲਈ ਖਾੜੀ ਤੇਲ 'ਤੇ ਬਹੁਤ ਨਿਰਭਰ ਹੈ।



ਤੇਲ ਦੀਆਂ ਕੀਮਤਾਂ ਵਧਣ ਨਾਲ ਮਹਿੰਗਾਈ ਵਧ ਸਕਦੀ ਹੈ ਅਤੇ ਆਮ ਲੋਕਾਂ ਦੀ ਜੀਵਨ ਲਾਗਤ ਵੀ ਪ੍ਰਭਾਵਿਤ ਹੋਵੇਗੀ।

ਪ੍ਰਧਾਨ ਮੰਤਰੀ ਮੋਦੀ ਨੇ ਪਿਛਲੇ ਦਿਨਾਂ ਵਿੱਚ ਵੀ ਇਸ ਮੁੱਦੇ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ ਸੀ। ਉਨ੍ਹਾਂ ਨੇ ਰਾਜ ਸਭਾ ਵਿੱਚ ਬੋਲਦਿਆਂ ਖੇਤਰ ਵਿੱਚ ਡੀ-ਐਸਕਲੇਸ਼ਨ (ਤਣਾਅ ਘਟਾਉਣ) ਅਤੇ ਸਟ੍ਰੇਟ ਆਫ ਹੋਰਮੁਜ਼ ਨੂੰ ਖੋਲ੍ਹਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਵਪਾਰੀ ਜਹਾਜ਼ਾਂ 'ਤੇ ਹਮਲੇ ਅਤੇ ਅੰਤਰਰਾਸ਼ਟਰੀ ਸਮੁੰਦਰੀ ਰਸਤਿਆਂ ਵਿੱਚ ਰੁਕਾਵਟ ਬਿਲਕੁਲ ਅਸਵੀਕਾਰਯੋਗ ਹੈ। ਭਾਰਤ ਹਮੇਸ਼ਾ ਤੋਂ ਸ਼ਾਂਤੀ ਅਤੇ ਵਪਾਰ ਦੀ ਆਜ਼ਾਦੀ ਦਾ ਸਮਰਥਨ ਕਰਦਾ ਆਇਆ ਹੈ।

ਇਸ ਫੋਨ ਕਾਲ ਵਿੱਚ ਇਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਵਧਦੇ ਟਕਰਾਅ ਨੂੰ ਲੈ ਕੇ ਵੀ ਚਰਚਾ ਹੋਈ। ਟਰੰਪ ਨੇ ਭਾਰਤ ਨਾਲ ਆਪਣੀ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੀ ਗੱਲ ਕੀਤੀ। ਭਾਰਤ ਅਤੇ ਅਮਰੀਕਾ ਵਿਚਾਲੇ ਡਿਫੈਂਸ, ਟੈਕਨਾਲੋਜੀ ਅਤੇ ਊਰਜਾ ਖੇਤਰ ਵਿੱਚ ਲੰਬੇ ਸਮੇਂ ਤੋਂ ਚੱਲ ਰਹੀ ਭਾਈਵਾਲੀ ਇਸ ਸਮੇਂ ਹੋਰ ਮਜ਼ਬੂਤ ਹੋਣੀ ਚਾਹੀਦੀ ਹੈ ਤਾਂ ਜੋ ਖੇਤਰੀ ਸਥਿਰਤਾ ਬਣਾਈ ਰੱਖੀ ਜਾ ਸਕੇ।

ਇਸ ਗੱਲਬਾਤ ਤੋਂ ਇੱਕ ਗੱਲ ਸਾਫ਼ ਹੈ ਕਿ ਭਾਰਤ ਵਿਸ਼ਵ ਮੰਚ 'ਤੇ ਇੱਕ ਜ਼ਿੰਮੇਵਾਰ ਰਾਸ਼ਟਰ ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਹੈ। ਪ੍ਰਧਾਨ ਮੰਤਰੀ ਮੋਦੀ ਹਮੇਸ਼ਾ ਡਾਇਲਾਗ ਅਤੇ ਡਿਪਲੋਮੈਸੀ ਰਾਹੀਂ ਸਮੱਸਿਆਵਾਂ ਹੱਲ ਕਰਨ ਦਾ ਪੱਖ ਰੱਖਦੇ ਹਨ। ਇਸ ਫੋਨ ਕਾਲ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਗੂੜ੍ਹੀ ਸਮਝ ਅਤੇ ਭਰੋਸੇ ਨੂੰ ਹੋਰ ਵਧਾਇਆ ਹੈ। ਇਸ ਤੋਂ ਇਲਾਵਾ ਭਾਰਤ ਨੇ ਇਰਾਨ ਨਾਲ ਵੀ ਗੱਲਬਾਤ ਜਾਰੀ ਰੱਖੀ ਹੈ। ਪਿਛਲੇ ਦਿਨਾਂ ਵਿੱਚ ਮੋਦੀ ਨੇ ਇਰਾਨੀ ਰਾਸ਼ਟਰਪਤੀ ਨਾਲ ਵੀ ਫੋਨ 'ਤੇ ਚਰਚਾ ਕੀਤੀ ਸੀ ਅਤੇ ਭਾਰਤੀ ਜਹਾਜ਼ਾਂ ਨੂੰ ਸੁਰੱਖਿਅਤ ਆਵਾਜਾਈ ਦੀ ਗੱਲ ਕੀਤੀ ਸੀ। ਇਸ ਕਾਰਨ ਕੁਝ ਭਾਰਤੀ ਟੈਂਕਰ ਸਟ੍ਰੇਟ ਆਫ ਹੋਰਮੁਜ਼ ਤੋਂ ਸੁਰੱਖਿਅਤ ਲੰਘ ਗਏ ਸਨ। ਭਾਰਤ ਆਪਣੇ ਨਾਗਰਿਕਾਂ ਅਤੇ ਆਰਥਿਕ ਹਿੱਤਾਂ ਦੀ ਰੱਖਿਆ ਲਈ ਹਰ ਤਰ੍ਹਾਂ ਦੇ ਉਪਾਅ ਕਰ ਰਿਹਾ ਹੈ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

**9463661542, cee7news@gmail.com**



ਪੰਜਾਬ ਸਰਕਾਰ ਵਿਚ ਇੱਕ ਵੱਡੀ ਤਬਦੀਲੀ ਆਈ ਹੈ। ਸਾਬਕਾ ਟਰਾਂਸਪੋਰਟ ਅਤੇ ਜੇਲ੍ਹਾਂ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਦੇ ਵਿਭਾਗਾਂ ਨੂੰ ਹੋਰ ਮੰਤਰੀਆਂ ਵਿਚ ਵੰਡ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਇਸ ਫੈਸਲੇ ਤਹਿਤ ਵਿੱਤ ਮੰਤਰੀ ਹਰਪਾਲ ਚੀਮਾ ਨੂੰ ਟਰਾਂਸਪੋਰਟ ਵਿਭਾਗ ਅਤੇ ਐੱਨ.ਆਰ.ਆਈ. ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਨੂੰ ਜੇਲ੍ਹ ਵਿਭਾਗ ਸੌਂਪ ਦਿੱਤਾ ਹੈ। ਇਹ ਤਬਦੀਲੀ ਉਦੋਂ ਹੋਈ ਹੈ ਜਦੋਂ ਮੁੱਖ ਮੰਤਰੀ ਗੁਜਰਾਤ ਦੇ ਚਾਰ ਦਿਨਾਂ ਦੌਰੇ ਤੋਂ ਠੀਕ ਪਹਿਲਾਂ ਇਸ ਫੈਸਲੇ ਤੇ ਮੋਹਰ ਲਗਾਈ ਗਈ।

## ਲਾਲਜੀਤ ਭੁੱਲਰ ਦੀ ਗ੍ਰਿਫ਼ਤਾਰੀ ਮਗਰੋਂ ਪੰਜਾਬ ਸਰਕਾਰ ਵੱਲੋਂ ਵਿਭਾਗਾਂ ਦੀ ਮੁੜ-ਵੰਡ

ਲਾਲਜੀਤ ਭੁੱਲਰ ਉੱਤੇ ਇੱਕ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ ਲੱਗੇ ਸਨ। ਇਸ ਮਾਮਲੇ ਵਿਚ ਉਨ੍ਹਾਂ ਤੋਂ ਅਸਤੀਫਾ ਮੰਗਿਆ ਗਿਆ ਸੀ ਅਤੇ ਬੀਤੀ ਸ਼ਾਮ ਰਾਜਪਾਲ ਨੇ ਉਨ੍ਹਾਂ ਦਾ ਅਸਤੀਫਾ ਮਨਜ਼ੂਰ ਵੀ ਕਰ ਲਿਆ ਸੀ। ਇਸ ਤੋਂ ਬਾਅਦ ਪੰਜਾਬ ਪੁਲੀਸ ਨੇ ਲਾਲਜੀਤ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫਤਾਰ ਕਰ ਲਿਆ। ਇਸ ਘਟਨਾ ਨੇ ਪੂਰੇ ਸੂਬੇ ਵਿਚ ਰਾਜਨੀਤਿਕ ਹਲਚਲ ਪੈਦਾ ਕਰ ਦਿੱਤੀ ਸੀ ਅਤੇ ਵਿਰੋਧੀ ਧਿਰਾਂ ਵੱਲੋਂ ਲਗਾਤਾਰ ਮੁਖ ਮੰਤਰੀ ਭਗਵੰਤ ਮਾਨ ਉੱਤੇ ਦਬਾਅ ਬਣਾਇਆ ਜਾ ਰਿਹਾ ਸੀ।

ਪਾਰਟੀ ਨੇ ਆਪਣੇ ਪੁਰਾਣੇ ਵਫ਼ਾਦਾਰ ਆਗੂ ਹਰਪਾਲ ਚੀਮਾ ਉੱਤੇ ਭਰੋਸਾ ਜਤਾਇਆ ਹੈ। ਹਰਪਾਲ ਚੀਮਾ ਪਹਿਲਾਂ ਹੀ ਵਿੱਤ ਅਤੇ ਆਬਕਾਰੀ ਵਿਭਾਗ ਸੰਭਾਲ ਰਹੇ ਸਨ। ਹੁਣ ਉਨ੍ਹਾਂ ਨੂੰ ਟਰਾਂਸਪੋਰਟ ਵਿਭਾਗ ਵੀ ਸੌਂਪਿਆ ਗਿਆ ਹੈ। ਇਸ ਫੈਸਲੇ ਨਾਲ ਉਨ੍ਹਾਂ ਦੀ ਜ਼ਿੰਮੇਵਾਰੀਆਂ ਵਧ ਗਈਆਂ ਹਨ। ਟਰਾਂਸਪੋਰਟ ਵਿਭਾਗ ਪੰਜਾਬ ਵਿਚ ਬਹੁਤ ਮਹੱਤਵਪੂਰਨ ਵਿਭਾਗ ਮੰਨਿਆ ਜਾਂਦਾ ਹੈ ਕਿਉਂਕਿ ਇਸ ਨਾਲ ਸੜਕੀ ਆਵਾਜਾਈ, ਬੱਸ ਸੇਵਾਵਾਂ ਅਤੇ ਰੋਡ ਸੇਫਟੀ ਨਾਲ ਜੁੜੀਆਂ ਬਹੁਤੀਆਂ ਗੱਲਾਂ ਤੈਅ ਹੁੰਦੀਆਂ ਹਨ। ਹਰਪਾਲ ਚੀਮਾ ਨੂੰ ਇਸ ਵਿਭਾਗ ਦੀ ਜ਼ਿੰਮੇਵਾਰੀ ਦੇਣ ਨਾਲ ਆਮ ਆਦਮੀ ਪਾਰਟੀ ਨੇ ਇੱਕ ਤਜਰਬੇਕਾਰ ਅਤੇ ਵਫ਼ਾਦਾਰ ਆਗੂ ਨੂੰ ਇੱਕ ਵੱਡਾ ਪਲੇਟਫਾਰਮ ਦਿੱਤਾ ਹੈ।

ਇਸੇ ਤਰ੍ਹਾਂ ਡਾ. ਰਵਜੋਤ ਸਿੰਘ ਨੂੰ ਐੱਨ.ਆਰ.ਆਈ. ਮਾਮਲਿਆਂ ਦੇ ਨਾਲ-ਨਾਲ ਜੇਲ੍ਹ ਵਿਭਾਗ ਵੀ ਸੌਂਪਿਆ ਗਿਆ ਹੈ। ਡਾ. ਰਵਜੋਤ ਸਿੰਘ ਪਹਿਲਾਂ ਤੋਂ ਹੀ ਐੱਨ.ਆਰ.ਆਈ. ਵਿਭਾਗ ਸੰਭਾਲ ਰਹੇ ਹਨ ਅਤੇ ਵਿਦੇਸ਼ਾਂ ਸੁਧਾਰ ਨਾਲ ਜੁੜੀਆਂ ਬਹੁਤੀਆਂ ਚੁਣੌਤੀਆਂ ਹਨ। ਡਾ. ਰਵਜੋਤ ਸਿੰਘ ਇਸ ਵਿਭਾਗ ਨੂੰ ਬਿਹਤਰ ਢੰਗ ਨਾਲ ਸੰਭਾਲਣ ਵਿਚ ਸਫਲ ਰਹਿਣਗੇ ਇਸ ਉਮੀਦ ਨਾਲ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ।

ਇਸ ਫੈਸਲੇ ਨਾਲ ਕੈਬਨਿਟ ਵਿਚ ਵੱਡੇ ਫੇਰਬਦਲ ਦੀਆਂ ਅਟਕਲਾਂ ਉੱਤੇ ਵੀ ਵਿਰਾਮ ਲੱਗ ਗਿਆ ਹੈ। ਪਹਿਲਾਂ ਇਹ ਚਰਚਾ ਸੀ ਕਿ ਇੱਕ ਐੱਮ.ਐੱਲ.ਏ. ਨੂੰ ਮਾਲਵਾ ਖੇਤਰ ਤੋਂ ਅਤੇ ਦੂਜੇ ਨੂੰ ਮਾਝਾ ਖੇਤਰ ਤੋਂ ਮੰਤਰੀ ਬਣਾਇਆ ਜਾ ਸਕਦਾ ਹੈ ਪਰ ਇਸ ਵਾਰ ਆਮ ਆਦਮੀ ਪਾਰਟੀ ਨੇ ਪੁਰਾਣੇ ਅਤੇ ਭਰੋਸੇਯੋਗ ਆਗੂਆਂ ਉੱਤੇ ਹੀ ਭਰੋਸਾ ਜਤਾਇਆ ਹੈ। ਇਸ ਤਬਦੀਲੀ ਨਾਲ ਸਰਕਾਰੀ ਕੰਮਕਾਜ ਵਿਚ ਕੋਈ ਰੁਕਾਵਟ ਨਾ ਆਵੇ ਇਸ ਲਈ ਤੁਰੰਤ ਫੈਸਲਾ ਲਿਆ ਗਿਆ।

ਲਾਲਜੀਤ ਭੁੱਲਰ ਦਾ ਮਾਮਲਾ ਬਹੁਤ ਗੰਭੀਰ ਰਿਹਾ ਹੈ। ਗਗਨਦੀਪ ਸਿੰਘ ਰੰਧਾਵਾ ਨੇ ਖੁਦਕੁਸ਼ੀ ਤੋਂ ਪਹਿਲਾਂ ਲਾਲਜੀਤ ਭੁੱਲਰ ਉੱਤੇ ਹਰਾਸਮੈਂਟ ਅਤੇ ਦਬਾਅ ਬਣਾਉਣ ਦੇ ਇਲਜ਼ਾਮ ਲਗਾਏ ਸਨ। ਇਸ ਘਟਨਾ ਨੇ ਪੂਰੇ ਸੂਬੇ ਵਿਚ ਵਿਰੋਧੀ ਧਿਰਾਂ ਨੂੰ ਇੱਕਠਾ ਕਰ ਦਿੱਤਾ ਸੀ। ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵੱਲੋਂ ਲਗਾਤਾਰ ਮੁਖ ਮੰਤਰੀ ਭਗਵੰਤ ਮਾਨ ਤੋਂ ਲਾਲਜੀਤ ਭੁੱਲਰ ਦੀ ਗ੍ਰਿਫਤਾਰੀ ਅਤੇ ਸੀਬੀਆਈ ਜਾਂਚ ਦੀ ਮੰਗ ਕੀਤੀ ਜਾ ਰਹੀ ਸੀ। ਹਾਲਾਂਕਿ ਮੁੱਖ ਮੰਤਰੀ ਨੇ ਸੀਬੀਆਈ ਜਾਂਚ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਪੰਜਾਬ ਪੁਲੀਸ ਉੱਤੇ ਹੀ ਭਰੋਸਾ ਜਤਾਇਆ ਹੈ।

ਇਸ ਘਟਨਾ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਤੁਰੰਤ ਕਦਮ ਚੁੱਕ ਕੇ ਲਾਲਜੀਤ ਭੁੱਲਰ ਤੋਂ ਅਸਤੀਫਾ ਲੈ ਲਿਆ ਅਤੇ ਉਨ੍ਹਾਂ ਦੇ ਵਿਭਾਗਾਂ ਨੂੰ ਵੰਡ ਦਿੱਤਾ। ਇਸ ਨਾਲ ਪਾਰਟੀ ਨੇ ਆਪਣੀ ਛਵੀ ਨੂੰ ਬਚਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਚੁਣੌਤੀਆਂ ਹਨ। ਬੱਸ ਯੂਨੀਅਨਾਂ ਨਾਲ ਵਿਵਾਦ, ਸੜਕਾਂ ਦੀ ਮੁਰੰਮਤ ਅਤੇ ਆਵਾਜਾਈ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨਾ ਆਦਿ ਮੁੱਦੇ ਲੰਬੇ ਸਮੇਂ ਤੋਂ ਚੱਲ ਰਹੇ ਹਨ। ਹਰਪਾਲ ਚੀਮਾ ਨੂੰ ਇਸ ਵਿਭਾਗ ਨੂੰ ਸੰਭਾਲਣ ਲਈ ਤੁਰੰਤ ਕਦਮ ਚੁੱਕਣੇ ਪੈਣਗੇ। ਉਨ੍ਹਾਂ ਨੇ ਪਹਿਲਾਂ ਵੀ ਵਿੱਤ ਵਿਭਾਗ ਵਿਚ ਆਪਣੀ ਕਾਰਗੁਜ਼ਾਰੀ ਨਾਲ ਲੋਕਾਂ ਦਾ ਧਿਆਨ ਖਿੱਚਿਆ ਹੈ। ਉਮੀਦ ਹੈ ਕਿ ਟਰਾਂਸਪੋਰਟ ਵਿਚ ਵੀ ਉਹ ਬਿਹਤਰੀ ਲਿਆਉਣਗੇ।

ਜੇਲ੍ਹ ਵਿਭਾਗ ਵਿਚ ਵੀ ਬਹੁਤੀਆਂ ਸਮੱਸਿਆਵਾਂ ਹਨ ਜਿਵੇਂ ਕਿ ਕੈਦੀਆਂ ਦੀ ਭੀੜ, ਸੁਰੱਖਿਆ ਪ੍ਰਬੰਧ ਅਤੇ ਸੁਧਾਰ ਯੋਜਨਾਵਾਂ। ਡਾ. ਰਵਜੋਤ ਸਿੰਘ ਇਸ ਵਿਭਾਗ ਨੂੰ ਆਧੁਨਿਕ ਬਣਾਉਣ ਅਤੇ ਇਸ ਵਿਚ ਪਾਰਦਰਸ਼ਤਾ ਲਿਆਉਣ ਲਈ ਕੰਮ ਕਰਨਗੇ ਇਸ ਉਮੀਦ ਨਾਲ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ। ਐੱਨ.ਆਰ.ਆਈ. ਵਿਭਾਗ ਨਾਲ ਜੁੜੀਆਂ ਉਨ੍ਹਾਂ ਦੀਆਂ ਪੁਰਾਣੀਆਂ ਜ਼ਿੰਮੇਵਾਰੀਆਂ ਵੀ ਜਾਰੀ ਰਹਿਣਗੀਆਂ।ਇਸ ਤਬਦੀਲੀ ਤੋਂ ਬਾਅਦ ਆਮ ਆਦਮੀ ਪਾਰਟੀ ਵਿਚ ਇੱਕ ਏਕਤਾ ਦਾ ਸੁਨੇਹਾ ਵੀ ਗਿਆ ਹੈ ਕਿ ਪਾਰਟੀ ਆਪਣੇ ਆਗੂਆਂ ਉੱਤੇ ਭਰੋਸਾ ਰੱਖਦੀ ਹੈ ਅਤੇ ਮੁਸੀਬਤ ਵੇਲੇ ਵੀ ਤੁਰੰਤ ਫੈਸਲੇ ਲੈਂਦੀ ਹੈ। ਵਿਰੋਧੀ ਧਿਰਾਂ ਵੱਲੋਂ ਇਸ ਤਬਦੀਲੀ ਉੱਤੇ ਵੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਪਰ ਸਰਕਾਰ ਆਪਣੇ ਫੈਸਲੇ ਉੱਤੇ ਅਟੱਲ ਹੈ। ਪੰਜਾਬ ਵਿਚ ਇਸ ਵੇਲੇ ਰਾਜਨੀਤਿਕ ਮਾਹੌਲ ਗਰਮ ਹੈ। ਲਾਲਜੀਤ ਭੁੱਲਰ ਮਾਮਲਾ ਅਦਾਲਤ ਵਿਚ ਵੀ ਚੱਲ ਰਿਹਾ ਹੈ ਅਤੇ ਇਸ ਦੀ ਜਾਂਚ ਜਾਰੀ ਹੈ। ਇਸ ਘਟਨਾ ਨੇ ਆਮ ਆਦਮੀ ਪਾਰਟੀ ਲਈ ਇੱਕ ਚੁਣੌਤੀ ਵੀ ਖੜ੍ਹੀ ਕੀਤੀ ਹੈ ਪਰ ਇਸ ਤਬਦੀਲੀ ਨਾਲ ਸਰਕਾਰ ਆਪਣਾ ਕੰਮ ਜਾਰੀ ਰੱਖਣਾ

# ਹਰ ਮੁਲਾਕਾਤ ਅਜਿਹੀ ਹੋਵੇ ਕਿ ਤੁਸੀਂ ਕਿਸੇ ਦੀ ਜ਼ਿੰਦਗੀ ਵਿੱਚ ਖੁਸ਼ੀ ਦਾ ਕਾਰਨ ਬਣ ਸਕੋ




ਹਰ ਕਿਸੇ ਨੂੰ ਇਸ ਸੋਚ ਨਾਲ ਮਿਲੋ, ਕਿ ਮੇਰਾ ਇਸਦੀ ਜ਼ਿੰਦਗੀ ਵਿੱਚ ਕੀ ਸਾਕਾਰਾਤਮਕ ਯੋਗਦਾਨ ਹੋ ਸਕਦਾ ਹੈ? ਇਹ ਸੋਚ ਤੁਹਾਨੂੰ ਇੱਕ ਸਿਖਿਆਰਥੀ ਬਣਾਉਂਦੀ ਹੈ ..! ਮਦਦ ਕਰਨ ਵਕਤ, ਸੁਣਨਾ ਲਾਜ਼ਮੀ ਹੁੰਦਾ ਹੈ। ਸੁਣਨ ਨਾਲ ਤੁਸੀਂ ਸਿੱਖਦੇ ਹੋ.. ਅਤੇ ਕਿਸੇ ਦੇ ਕੰਮ ਵਿੱਚ .. ਕਿਸੇ ਦੇ ਖ਼ਾਸ ਫੈਸਲਿਆਂ ਵਿੱਚ ਆਪਣਾ ਯੋਗਦਾਨ ਪਾਉਣ ਨਾਲ ਵੀ.. ਤੁਸੀਂ ਸਿੱਖਦੇ ਜਾਂਦੇ ਹੋ। ਜਿੰਨੇ ਲੋਕਾਂ ਦੀ ਮਦਦ ਕਰਦੇ ਜਾਓਗੇ.. ਨਵਾਂ ਨਵਾਂ ਕੁਝ ਸਿੱਖਦੇ ਜਾਓਗੇ। ਲਗਾਤਾਰ ਹਰ ਕਿਸੇ ਦੇ ਕੰਮ ਆਉਣਾ, ਵੱਖ ਵੱਖ ਲੋਕਾਂ ਨੂੰ ਮਿਲਣਾ, ਸਾਡੀ ਬਹਿਤਰੀਨ ਸਮਝ ਬਣਾਉਂਦਾ ਹੈ।

ਇਸ ਸੋਚ ਨੂੰ ਤਿਆਗ ਦਿਓ .. ਕਿ ਕਿਸੇ ਨੂੰ ਸੁਣਨ ਨਾਲ, ਮਦਦ ਕਰਨ ਨਾਲ ਸਾਡਾ ਵਕਤ ਬਰਬਾਦ ਹੁੰਦਾ ਹੈ.. ਅਜਿਹੀ ਸੋਚ ਸਾਨੂੰ ਉੱਤਮ ਬਣਨ ਤੋਂ ਵਰਜਦੀ ਹੈ। ਕਿਸੇ ਨੂੰ ਸੁਣਨਾ, ਸਮਝਣਾ ਕਿਤਾਬ ਪੜ੍ਹਨ ਤੋਂ ਵੀ ਵੱਧ ਪ੍ਰੇਣਾਦਾਇਕ ਸਾਬਤ ਹੋ ਸਕਦਾ ਹੈ।

- ਮਨਦੀਪ ਕੌਰ ਟਾਂਗਰਾ

# ਅੱਜਕਲ




ਕਾਹਦੇ ਦਾਅਵੇ ਕਾਹਦੀਆਂ ਅੜੀਆਂ,
ਕਿੱਧਰੇ ਹਿੱਕ ਚ ਗੋਲੀ ,ਕਿੱਧਰੇ ਹੱਥ ਚ
ਕੜੀਆਂ,
ਕਈਆਂ ਮੂੰਹਾਂ ਚੋਂ ਮੋਤੀ ਕਿਰਦੇ,
ਕਈਆਂ ਦੇ ਮੁਖੋਂ ਨਿੱਤ ਸੁਣਦੇ ਆਂ ਸੜੀਆਂ!
ਕੁੱਝ ਹਰ ਇੱਕ ਦਾ ਭਲਾ ਲੋੜਦੇ,ਕਈ
ਖੁਸ਼ ਦੂਜਿਆਂ ਤੇ ਵਿਪਰੀਤ ਤੱਕ ਘੜੀਆਂ !
ਸਦਾ ਸੋਚ ਸਮਝ ਨਾਲ ਕਦਮ ਵਧਾਉਣਾ
ਪੈਂਦਾ ,ਉਂਝ ਕਰਨ ਨੂੰ ਸਾਡੇ ਕੋਲ ਵੀ,ਗੱਲਾਂ ਨੇ
ਬੜੀਆਂ !
ਉਹ ਬਾਣੀ ਦੀ ਭਲਾ ਸਾਰ ਕੀ ਜਾਨਣ, ਪੂਜਣ
ਸਿੱਖੇ ਜੋ ਸਭੇ ਮਸਾਣੀਆਂ-ਮੜ੍ਹੀਆਂ !
ਰਣਜੀਤ ਉਨ੍ਹਾਂ ਕਲਮਾਂ ਆਲਿਆ ਤਈਂ
ਲਿਹਾਜ ਨ੍ਹੀ ਪੁੱਗਦੇ, ਸੁਣਾਉਂਣ ਗਿੱਝੇ ਹੋਣ
ਅਕਸਰ ਜੋ ਖਰੀਆਂ !

ਮਾਫੀ ਚਹੁੰਦੀ ਹਾਂ ਉਨ੍ਹਾਂ ਸ਼ਖਸ਼ੀਅਤਾਂ ਤੋਂ ਜਿਨ੍ਹਾਂ ਨਾਲ ਵਾਅਦਾ ਕਰਕੇ ਵੀ ਸਮਾਂ ਦਿੱਤੇ ਤੇ ਦੱਸੇ ਬਗੈਰ ਵਾਪਸ ਪਰਤ ਆਈ,ਇੱਥੋਂ ਤੱਕ ਰਿਸ਼ਤੇਦਾਰ ਵੀ ਲੱਗਭਗ ਨਿਰਾਸ਼ ਹੀ ਕਰ ਹੋ ਗਏ ! ਬਹੁਤ ਜਲਦ ਫਿਰ ਤੋਂ ਕੋਸ਼ਿਸ ਕਰਾਂਗੀ, ਇਸ ਵਾਰ ਪ੍ਰਸਤਿਥੀਆਂ ਹੀ ਕੁੱਝ ਅਜਿਹੀਆਂ ਬਣੀਆਂ ਰਹੀਆਂ !

ਲੇਖਕ : ਰਣਜੀਤ ਕੌਰ ਟੂਰਾਂਟੋ।


# "ਮਰਦਾਨੇ ਰਬਾਬ ਵਜਾਇਆ" ਕਿਤਾਬ




"ਮਰਦਾਨੇ ਰਬਾਬ ਵਜਾਇਆ" ਕਿਤਾਬ ਭਾਈ ਮਰਦਾਨਾ ਜੀ ਦੀ ਸ਼ਖਸੀਅਤ, ਉਨ੍ਹਾਂ ਦੀ ਨਿਮਰਤਾ ਅਤੇ ਗੁਰੂ ਨਾਨਕ ਦੇਵ ਜੀ ਨਾਲ ਕੀਤੀਆਂ ਉਦਾਸੀਆਂ ਦੀਆਂ ਯਾਦਾਂ ਨੂੰ ਸੁੰਦਰ ਢੰਗ ਨਾਲ ਪੇਸ਼ ਕਰਦੀ ਹੈ। ਲੇਖਕ ਨੇ ਦੱਸਿਆ ਹੈ ਕਿ ਭਾਈ ਮਰਦਾਨਾ ਜੀ ਰਬਾਬ ਵਜਾ ਕੇ ਗੁਰੂ ਸਾਹਿਬ ਦੀ ਬਾਣੀ ਨੂੰ ਲੋਕਾਂ ਤੱਕ ਪਹੁੰਚਾਉਂਦੇ ਸਨ। ਕਿਤਾਬ ਸਿਰਫ ਇਤਿਹਾਸ ਹੀ ਨਹੀਂ ਦੱਸਦੀ, ਸਗੋਂ ਸਾਡੀ ਜ਼ਿੰਦਗੀ ਲਈ ਸਾਦਗੀ, ਸੇਵਾ ਅਤੇ ਭਗਤੀ ਦਾ ਸੰਦੇਸ਼ ਵੀ ਦਿੰਦੀ ਹੈ।

ਕਿਤਾਬ ਮੰਗਵਾਉਣ ਲਈ 083070 07508 ਤੇ ਵ੍ਹਟਸਐਪ ਕਰੋ।

# ਪੁਸਤਕ ਸਮੀਖਿਆ , ਆਨੰਦ ਤੋਂ ਸਰਹੰਦ, ਕਾਵਿ ਸੰਗ੍ਰਹਿ (ਹਰਭਜਨ ਸਿੰਘ ਭਗਰੱਥ )




ਪੁਸਤਕ ਸਮੀਖਿਆ
ਆਨੰਦ ਤੋਂ ਸਰਹੰਦ
ਕਾਵਿ ਸੰਗ੍ਰਹਿ
ਲੇਖਕ ਅਵਤਾਰ ਸਿੰਘ ਮਾਨ
ਭੈਣੀ ਬਾਘਾ ਪੰਨੇ 40 ਸਮੀਖਿਆ
ਹਰਭਜਨ ਸਿੰਘ ਭਗਰੱਥ
ਵਿਸ਼ਵ ਸਾਹਿਤਕ ਸਿਤਾਰੇ ਮੰਚ
ਤਰਨ ਤਾਰਨ ਪੰਜਾਬ


ਸਿੱਖ ਇਤਿਹਾਸ ਦੇ ਵਿੱਚ ਆਨੰਦ ਤੋਂ ਸਰਹੰਦ ਤੱਕ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਬਿਖੜੇ ਪੈਂਡਿਆਂ ਦੇ ਸਫਰ ਦੀ ਦਾਸਤਾਂ ਜਦੋਂ ਸੁਣਦੇ ਹਾਂ ਤਾਂ ਲੂੰਈ ਕੰਡੇ ਖੜ੍ਹੇ ਹੋ ਜਾਂਦੇ ਹਨ ਗੁਰੂ ਗੋਬਿੰਦ ਸਿੰਘ ਜੀ ਮਾਹਾਰਾਜ਼ ਦੁਆਰਾ ਖਾਲਸਾ ਪੰਥ ਦੀ ਸਿਰਜਣਾ ,ਅਨੰਦਪੁਰ ਦੀ ਜੰਗ, ਆਨੰਦਪੁਰ ਛੱਡਣਾ, ਸਰਸਾ ਨਦੀ ਤੇ ਵਿਛੋੜਾ, ਜੰਗ ਚਮਕੌਰ ਦੀ, ਬੀਬੀ ਹਰਸ਼ਰਨ ਕੌਰ ਵੱਲੋਂ ਸਿੰਘਾਂ ਦਾ ਸਸਕਾਰ, ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਕੁਮੇ ਮਾਸ਼ਕੀ ਦੀ ਕੁੱਲੀ ਵਿੱਚ, ਮਾਤਾ ਗੁਜਰੀ ਅਤੇ ਛੋਟੇ ਸਾਹਿਬਜਾਦਿਆਂ ਦਾ ਗੰਗੂ ਨਾਲ ਮਿਲਾਪ ਤੇ ਗੰਗੂ ਦੀ ਬਦਨੀਤੀ ,ਗੰਗੂ ਵਲੋ ਮੁਖਬਰੀ ਕਰਨਾ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਵਿੱਚ ,ਬਾਬਾ ਮੋਤੀਰਾਮ ਮਹਿਰਾ ਵੱਲੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਦੁੱਧ ਛਕਾਉਣਾ, ਸੂਬਾ ਸਰਹੰਦ ਦੇ ਪਹਿਲੀ ਪੇਸ਼ੀ, ਸਾਹਿਬਜ਼ਾਦਿਆਂ ਦੀ ਦੂਜੀ ਪੇਸ਼ੀ ,

ਅਤੇ ਤੀਜੀ ਪੇਸ਼ੀ ,ਸੂਬਾ ਸਰਹੰਦ ਵੱਲੋਂ ਸਾਹਿਬਜ਼ਾਦਿਆਂ ਨੂੰ ਦਿੱਤੇ ਗਏ ਤਸੀਹੇ, ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਦਿਨ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ,ਮਾਛੀਵਾੜੇ ਦੇ ਰਾਹ, ਨੂਰੇ ਮਾਹੀ ਨੂੰ ਸਰਹੰਦ ਭੇਜਣਾ, ਮੁਗਲਾਂ ਦੀ ਜੱੜ ਪੁੱਟਣੀ ,ਤੱਤ ਸਾਰ ਸੁਣ ਧਰਕੇ ਨੀ ਸਰਹੰਦ ਦੀਏ ,ਇਸ ਸਾਰੇ ਹੀ ਬਿਰਤਾਂਤ ਨੂੰ ਅਵਤਾਰ ਸਿੰਘ ਮਾਨ ਭੈਣੀ ਬਾਘਾ ਨੇ ਇੱਕ ਹੀ ਸੁਰ ਲੈ ਤਾਲ ਵਿੱਚ ਆਨੰਦ ਤੋਂ ਸਰਹੰਦ ਤੱਕ ਆਪਣੀ ਕਲਮ ਦੁਆਰਾ ਲਿਖ ਕੇ ਆਪਣੇ ਸੁਹਰਿਦ ਲੇਖਕ ਹੋਣ ਦਾ ਪ੍ਰਮਾਣ ਬਖੂਬੀ ਪੇਸ਼ ਕੀਤਾ ਹੈ, 40 ਸਫਿਆਂ ਦੀ ਇਹ ਛੋਟੀ ਜਿਹੀ ਪੁਸਤਕ ਨੂੰ ਪੜ੍ਹ ਕੇ ਆਮ ਆਦਮੀ ਨੂੰ ਸੋਝੀ ਮਿਲਦੀ ਹੈ ਕਿ ਸਿੱਖ ਇਤਿਹਾਸ ਕਿੰਨਾ ਕੀਮਤੀ ਹੈ ਸਿੱਖ ਇਤਿਹਾਸ ਵਿੱਚ ਕਿੰਨੀਆਂ ਕੁਰਬਾਨੀਆਂ ਹਨ ਸਰਦਾਰੀ ਐਵੇਂ ਹੀ ਪ੍ਰਧਾਨ ਨਹੀਂ ਹੋਈ ਇਸ ਦੇ ਪਿੱਛੇ ਬਹੁਤ ਵੱਡੇ ਖੂਨੀ ਸਾਕੇ ਹੋਏ ਹਨ ,ਸਾਡੇ ਪੰਥ ਦੇ ਮਹਾਨ ਸ਼ਹੀਦਾਂ ਨੇ ਸਿਰ ਧੱੜਦੀਆਂ ਬਾਜੀਆਂ ਲਾਈਆਂ ਹਨ ਫਿਰ ਜਾ ਕੇ ਸਰਦਾਰੀ ਮਿਲੀ ਹੈ ਇਹ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਬਹੁਤ ਹੀ ਅਹਿਮ ਪਾਰਟ ਨੂੰ ਦਰਸਾਉਂਦੀ ਹੈ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਾਰੇ ਪਰਿਵਾਰ ਦੀਆਂ ਕੁਰਬਾਨੀਆਂ ਨੂੰ ਵੇਖ ਕੇ ਅੱਖਾਂ ਨਮ ਹੋ ਜਾਂਦੀਆਂ ਹਨ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਰਨਾਂ ਵਿੱਚ ਸੀਸ ਆਪਣੇ ਆਪ ਹੀ ਨਤਮਸਤਕ ਹੋ ਜਾਂਦਾ ਹੈ ਅਵਤਾਰ ਸਿੰਘ ਮਾਨ ਭੈਣੀ ਬਾਘਾ ਜੀ ਉੱਪਰ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਕਿਰਪਾ ਕਰਕੇ ਆਪ ਹੀ ਉਹਨਾਂ ਕੋਲੋਂ ਇਹ ਪੁਸਤਕ ਲਿਖਾਈ ਹੈ ਪੁਸਤਕ ਦੇ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਇੱਕ ਹੀ ਕਵਿਤਾ ਹੈ ਸਮੇਂ ਸਮੇਂ ਤੇ ਉਸ ਕਵਿਤਾ ਦੇ ਟਾਈਟਲ ਬਦਲ ਜਾਂਦੇ ਹਨ 40 ਸਫਿਆਂ ਦੀ ਇਹ ਛੋਟੀ ਜਿਹੀ ਪੁਸਤਕ ਪੱੜ੍ਹਦਿਆਂ ਆਮ ਪਾਠਕ ਸਿੱਖ ਇਤਿਹਾਸ ਤੋਂ ਪੂਰੀ ਤਰ੍ਹਾਂ ਵਾਕਫ ਹੋ ਜਾਂਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਰਨਾਂ ਵਿੱਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰਦਾ ਹੋਇਆ ਪਾਠਕ ਆਖਦਾ ਹੈ

ਵਾਹ ! ਵਾਹ ! ਅਵਤਾਰ ਸਿੰਘ ਮਾਨ ਭੈਣੀ ਬਾਘੇ ਵਾਲਿਆ ਨਹੀਂ ਰੀਸਾਂ ਤੇਰੀਆਂ , ਭੈਣੀ ਬਾਘੇ ਵਾਲਾ ਇਸ ਵਾਹ ਵਾਹ ਨੂੰ ਸਵੀਕਾਰਦਾ ਨਹੀਂ ,ਸਗੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਚਰਨਾਂ ਵਿੱਚ ਆਪਣਾ ਸੀਸ ਝੁਕਾਉਂਦਾ ਹੋਇਆ ਕਹਿੰਦਾ ਹੈ ਕਿ ਭੈਣੀ ਬਾਘੇ ਵਾਲਿਆ ਕੌਤਕ ਸਤਿਗੁਰ ਆਪ ਰਚਾਇਆ ਹੈ ਗੁਰੂ ਮਹਾਰਾਜ ਦੀ ਕਿਰਪਾ ਹੈ ਉਹਨਾਂ ਹੀ ਕਿਰਪਾ ਕਰਕੇ ਮੇਰੇ ਕੋਲੋਂ ਇਹ ਸਭ ਲਿਖਵਾਇਆ ਹੈ ਮੇਰੀ ਕੋਈ ਔਕਾਤ ਨਹੀਂ ਕਿ ਮੈਂ ਗੁਰੂ ਦੀ ਮਹਿਮਾ ਲਿਖ ਸਕਾਂ ਮੈਂ ਤਾਂ ਕਾਫਰ ਹਾਂ ਮੰਦ ਬੁੱਧੀ ਹਾਂ ਮੇਰੀ ਮੱਤ ਥੋੜ੍ਹੀ ਹੈ ਮੈਂ ਕੀ ਲਿਖ ਸਕਦਾ ਹਾਂ? ਇਹ ਪੁਸਤਕ ਬਹੁਤ ਹੀ ਗਿਆਨ ਭਰਪੂਰ ਦਸਤਾਵੇਜ ਹੈ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਪੰਜਾਬ ਵੱਲੋਂ ਸਾਰੇ ਹੀ ਬੁੱਧੀਜੀਵੀ ਲੇਖਕ ਪਾਠਕ ਅਤੇ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਅਵਤਾਰ ਸਿੰਘ ਮਾਨ ਭੈਣੀ ਬਾਘੇ ਵਾਲੇ ਪਾਸੋਂ ਇਹ ਪੁਸਤਕ ਮੰਗਵਾ ਕੇ ਜਰੂਰ ਪੜ੍ਹੋ ਜੀ

# ਜਾਬ ਦੀ ਸਭ ਤੋਂ ਵੱਡੀ ਸੰਸਥਾ ਬਣੀ 'ਇੰਡਕ ਆਰਟਸ'; 29 ਮਾਰਚ ਨੂੰ ਸਿਟੀ ਹੋਟਲ 'ਚ ਹੋਵੇਗਾ ਟੀਮ ਦਾ ਸਨਮਾਨ



- ਪ੍ਰੋਫੈਸਰ ਬਾਈ ਭੋਲਾ ਯਮਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਰਾਸ਼ਟਰੀ ਅੰਦੋਲਨ ਵਜੋਂ ਉਭਰੀ ਸੰਸਥਾ ਇੰਡਿਕ ਆਰਟਸ ਵੈਲਫੇਅਰ ਕੌਂਸਲ

ਭਾਰਤ ਦੀ ਕਲਾ, ਸੱਭਿਆਚਾਰ ਅਤੇ ਸਮਾਜਿਕ ਭਲਾਈ ਦੇ ਖੇਤਰ ਵਿੱਚ ਤੇਜ਼ੀ ਨਾਲ ਆਪਣੀ ਪਹਿਚਾਣ ਸਥਾਪਤ ਕਰ ਰਹੀ ਹੈ (IAWC) ਅੱਜ ਇੱਕ ਮਜ਼ਬੂਤ ਰਾਸ਼ਟਰੀ ਅੰਦੋਲਨ ਵਜੋਂ ਉਭਰ ਚੁੱਕੀ ਹੈ। ਇਹ ਸੰਸਥਾ ਦੇਸ਼ ਦੇ ਛੇ ਰਾਜਾਂ ਵਿੱਚ ਸਰਗਰਮ ਤੌਰ 'ਤੇ ਕੰਮ ਕਰ ਰਹੀ ਹੈ ਅਤੇ ਪੰਜਾਬ ਵਿੱਚ ਸਭ ਤੋਂ ਵੱਡੀ ਸੰਸਥਾ ਵਜੋਂ ਆਪਣੀ ਵੱਖਰੀ ਪਛਾਣ ਬਣਾ ਚੁੱਕੀ ਹੈ।

ਇਹ ਸੰਸਥਾ ਸੈਕਸ਼ਨ 8 ਅਧੀਨ ਰਜਿਸਟਰਡ ਗੈਰ-ਮੁਨਾਫ਼ਾ ਕੌਮੀ ਸੰਸਥਾ ਹੈ, ਜੋ ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਪੂਰੀ ਤਰ੍ਹਾਂ ਕਾਨੂੰਨੀ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਦੀ ਹੈ। MCA ਰਜਿਸਟ੍ਰੇਸ਼ਨ, 12A ਅਤੇ 80G ਟੈਕਸ ਛੂਟ, NITI ਆਯੋਗ NGO ਦਰਪਣ ਅਤੇ ISO ਸਰਟੀਫਿਕੇਸ਼ਨ ਨਾਲ ਪ੍ਰਮਾਣਿਤ ਇਹ ਸੰਸਥਾ ਸਮਾਜਿਕ ਭਰੋਸੇ ਦੀ ਪ੍ਰਤੀਕ ਬਣ ਚੁੱਕੀ ਹੈ।

ਇਸ ਵੱਡੀ ਕਾਮਯਾਬੀ ਦੇ ਪਿੱਛੇ ਸੰਸਥਾ ਦੇ ਬਾਨੀ ਡਾਇਰੈਕਟਰ ਪ੍ਰੋਫੈਸਰ ਬਾਈ ਭੋਲਾ ਯਮਲਾ ਦੀ ਦੂਰਦਰਸ਼ੀ ਸੋਚ ਅਤੇ ਸਮਰਪਿਤ ਨੇਤ੍ਰਿਤਵ ਹੈ। ਉਨ੍ਹਾਂ ਦੇ ਦਿਸ਼ਾ-ਨਿਰਦੇਸ਼ ਹੇਠ ਸੰਸਥਾ ਦੇਸ਼ ਭਰ ਵਿੱਚ ਵਿਸਥਾਰ ਕਰ ਰਹੀ ਹੈ ਅਤੇ ਹਰ ਵਰਗ ਤੱਕ ਆਪਣੀ ਪਹੁੰਚ ਬਣਾਉਂਦੀ ਜਾ ਰਹੀ ਹੈ। ਪ੍ਰੋ. ਭੋਲਾ ਯਮਲਾ ਇੱਕ ਮਾਣਯੋਗ ਸਟੇਟ ਐਵਾਰਡੀ, ਵਰਲਡ ਰਿਕਾਰਡ ਹੋਲਡਰ ਅਤੇ ਸੂਬੇ ਦੇ ਰਾਜ ਦਰਬਾਰੀ ਗਾਇਕ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਕਲਾ ਅਤੇ ਸੱਭਿਆਚਾਰ ਦੀ ਸੇਵਾ ਲਈ ਸਮਰਪਿਤ ਕੀਤੀ ਹੈ।

ਉਨ੍ਹਾਂ ਨੂੰ ਪੰਜਾਬ ਵਿੱਚ ਆਪਣੇ ਖੇਤਰ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਿਅਕਤੀਆਂ ਵਿੱਚ ਗਿਣਿਆ ਜਾਂਦਾ ਹੈ ਅਤੇ ਸੰਗੀਤ ਜਗਤ ਵਿੱਚ ਉਨ੍ਹਾਂ ਨੂੰ "ਤੁਰਦੀ-ਫਿਰਦੀ ਯੂਨੀਵਰਸਿਟੀ" ਦੇ ਰੂਪ ਵਿੱਚ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਵਿਦਵਤਾ, ਅਨੁਭਵ ਅਤੇ ਸਮਰਪਣ ਨੇ ਨਾ ਸਿਰਫ ਸੰਸਥਾ ਨੂੰ ਮਜ਼ਬੂਤੀ ਦਿੱਤੀ ਹੈ, ਸਗੋਂ ਹਜ਼ਾਰਾਂ ਕਲਾਕਾਰਾਂ ਅਤੇ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਬਣਿਆ ਹੈ।

ਇੰਡਕ ਆਰਟਸ ਵੈਲਫੇਅਰ ਕੌਂਸਲ ਦਾ ਮੁੱਖ ਉਦੇਸ਼ ਭਾਰਤੀ ਰਵਾਇਤੀ ਕਲਾਵਾਂ ਅਤੇ ਸੱਭਿਆਚਾਰ ਨੂੰ ਸੰਭਾਲਣਾ ਅਤੇ ਉਨ੍ਹਾਂ ਨੂੰ ਆਧੁਨਿਕ ਸਮੇਂ ਨਾਲ ਜੋੜਨਾ ਹੈ। ਇਸ ਦੇ ਨਾਲ ਹੀ ਸੰਸਥਾ ਕਲਾਕਾਰਾਂ, ਸਾਹਿਤਕਾਰਾਂ, ਅੰਗਹੀਨ ਵਿਅਕਤੀਆਂ, ਨੌਜਵਾਨਾਂ ਅਤੇ ਔਰਤਾਂ ਨੂੰ ਸਿਹਤ, ਸਿੱਖਿਆ, ਹੁਨਰ ਵਿਕਾਸ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਦੀ ਹੈ।

ਸੰਸਥਾ ਦੀ ਵਿਸ਼ਾਲ ਸੰਗਠਨਾਤਮਕ ਰਚਨਾ ਇਸ ਦੀ ਸਭ ਤੋਂ ਵੱਡੀ ਤਾਕਤ ਹੈ। ਸਟੇਟ ਲੈਵਲ ਤੋਂ ਲੈ ਕੇ ਜ਼ਿਲ੍ਹਾ ਅਤੇ ਬਲਾਕ ਲੈਵਲ ਤੱਕ ਮਜ਼ਬੂਤ ਟੀਮਾਂ ਬਣਾਈਆਂ ਗਈਆਂ ਹਨ, ਜਿਸ ਨਾਲ ਸੰਸਥਾ ਦਾ ਪ੍ਰਚਾਰ-ਪ੍ਰਸਾਰ ਹਰ ਪਿੰਡ ਅਤੇ ਸ਼ਹਿਰ ਤੱਕ ਪਹੁੰਚ ਚੁੱਕਾ ਹੈ। ਪੰਜਾਬ ਵਿੱਚ ਇਹ ਸੰਸਥਾ ਸਭ ਤੋਂ ਵੱਡੀ ਟੀਮ ਦੇ ਨਾਲ ਕੰਮ ਕਰ ਰਹੀ ਹੈ।

ਇਸ ਤੋਂ ਇਲਾਵਾ ਸੰਸਥਾ ਦੇ ਅਧੀਨ ਕਈ ਵਿਸ਼ੇਸ਼ ਸੈੱਲ ਜਿਵੇਂ ਸਾਹਿਤ ਸੈੱਲ, ਸੱਭਿਆਚਾਰ ਅਤੇ ਕਲਾ ਸੈੱਲ, ਡਿਸਏਬਿਲਿਟੀ ਸੈੱਲ, ਵੂਮੈਨ ਸੈੱਲ ਅਤੇ ਕਮਿਊਨਿਟੀ ਵੈਲਫੇਅਰ ਸੈੱਲ ਬਣਾਏ ਗਏ ਹਨ, ਜੋ ਸਟੇਟ ਤੋਂ ਲੈ ਕੇ ਬਲਾਕ ਲੈਵਲ ਤੱਕ ਸਰਗਰਮ ਹਨ। ਇਹ ਵਿਵਸਥਿਤ ਢਾਂਚਾ ਹੀ ਸੰਸਥਾ ਨੂੰ ਵੱਡੇ ਪੱਧਰ 'ਤੇ ਸਫਲ ਬਣਾਉਂਦਾ ਹੈ।

ਸੰਸਥਾ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਕਲਾ ਅਤੇ ਸਮਾਜ ਦੋਹਾਂ ਲਈ ਲਾਭਦਾਇਕ ਹਨ, ਜਿਵੇਂ ਕਿ ਕਲਾਕਾਰਾਂ ਲਈ ਮੰਚ, ਸਿਹਤ ਕੈਂਪ, ਔਰਤਾਂ ਦੀ ਸਸ਼ਕਤੀਕਰਨ ਮੁਹਿੰਮ, ਵਾਤਾਵਰਣ ਸੰਰੱਖਣ ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਟੈਲੈਂਟ ਨੂੰ ਉਭਾਰਨਾ।

ਅੰਤ ਵਿੱਚ, ਇੰਡਕ ਆਰਟਸ ਵੈਲਫੇਅਰ ਕੌਂਸਲ ਇੱਕ ਅਜਿਹਾ ਵਿਸ਼ਾਲ ਅੰਦੋਲਨ ਬਣ ਚੁੱਕੀ ਹੈ, ਜੋ ਕਲਾ, ਸੱਭਿਆਚਾਰ ਅਤੇ ਸਮਾਜਿਕ ਸੇਵਾ ਨੂੰ ਇਕੱਠੇ ਲੈ ਕੇ ਦੇਸ਼ ਦੇ ਭਵਿੱਖ ਨੂੰ ਮਜ਼ਬੂਤ ਬਣਾਉਣ ਵੱਲ ਅੱਗੇ ਵੱਧ ਰਹੀ ਹੈ। ਸੰਸਥਾ ਦੇ ਮੈਂਬਰ ਬਣਨ ਲਈ ਸੰਸਥਾ ਦੀ ਵੈੱਬਸਾਈਟ ਉੱਪਰ ਅਪਲਾਈ ਕੀਤਾ ਜਾ ਸਕਦਾ ਹੈ। ਸੰਸਥਾ ਵੱਲੋਂ ਹਰ ਇੱਕ ਨੂੰ ਬਰਾਬਰ ਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ।ਇਸ ਸੰਸਥਾ ਵੱਲੋਂ ਬਾਈ ਭੋਲਾ ਯਮਲਾ ਜੀ ਦੀ ਅਗਵਾਈ ਵਿੱਚ ਉਨੱਤੀ ਮਾਰਚ ਦੋ ਹਜਾਰ ਛੱਬੀ ਦਿਨ ਐਤਵਾਰ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਸਮੁੱਚੀ ਟੀਮ ਦੇ ਸਤਿਕਾਰਯੋਗ ਦੋਸਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਸੋ ਆਓ ਦੋਸਤੋ ਇਸ ਸੰਸਥਾ ਦਾ ਹਿੱਸਾ ਬਣ ਕੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁੱਲਿਤ ਕਰਨ ਦਾ ਅਹਿਦ ਲਈਏ ਆਪ ਜੁੜੀਏ ਅਤੇ ਹੋਰਨਾਂ ਦੋਸਤਾਂ ਨੂੰ ਵੀ ਇਸ ਸੰਸਥਾ ਦੇ ਨਾਲ ਜੋੜੀਏ।

ਲੇਖਕ ਜਸਵੀਰ ਸ਼ਰਮਾ ਦੱਦਾਹੂਰ
ਸਟੇਟ ਐਵਾਰਡੀ ਅਤੇ ਜਿਲ੍ਹਾ
ਪ੍ਰਧਾਨ ਸਾਹਿਤ ਸੈਲ
ਸ੍ਰੀ ਮੁਕਤਸਰ ਸਾਹਿਬ
95691-49556

# ਮੈਲਬੌਰਨ 'ਚ 38ਵੀਆਂ 'ਆਸਟਰੇਲੀਅਨ ਸਿੱਖ ਖੇਡਾਂ 2026' ਦਾ ਸ਼ਾਨਦਾਰ ਆਗਾਜ਼ 3 ਅਪ੍ਰੈਲ ਤੋਂ: ਤਿਆਰੀਆਂ ਮੁਕੰਮਲ




ਆਸਟ੍ਰੇਲੀਆ ਦੀ ਧਰਤੀ 'ਤੇ ਸਿੱਖ ਭਾਈਚਾਰੇ ਦੇ ਸਭ ਤੋਂ ਵੱਡੇ ਅਤੇ ਮਾਣਮੱਤੇ ਖੇਡ ਕੁੰਭ 'ਆਸਟ੍ਰੇਲੀਅਨ ਸਿੱਖ ਗੇਮਜ਼ 2026' ਨੂੰ ਲੈ ਕੇ ਤਿਆਰੀਆਂ ਹੁਣ ਪੂਰੇ ਜੋਰਾਂ-ਸ਼ੋਰਾਂ ਨਾਲ ਅੰਤਿਮ ਪੜਾਅ 'ਤੇ ਪਹੁੰਚ ਚੁੱਕੀਆਂ ਹਨ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਹ ਖੇਡਾਂ ਨਾ ਸਿਰਫ਼ ਖੇਡ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣਨਗੀਆਂ, ਸਗੋਂ ਸਿੱਖ ਵਿਰਸੇ, ਪੰਜਾਬੀ ਮਾਂ-ਬੋਲੀ ਅਤੇ ਸੱਭਿਆਚਾਰਕ ਵਿਲੱਖਣਤਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪੇਸ਼ ਕਰਨ ਦਾ ਇੱਕ ਵੱਡਾ ਜ਼ਰੀਆ ਸਾਬਤ ਹੋਣਗੀਆਂ। ਇਨ੍ਹਾਂ ਖੇਡਾਂ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਆਸਟ੍ਰੇਲੀਆ ਦੇ ਵੱਖ-ਵੱਖ ਰਾਜਾਂ ਤੋਂ ਇਲਾਵਾ ਨਿਊਜ਼ੀਲੈਂਡ, ਭਾਰਤ ਅਤੇ ਹੋਰ ਦੇਸ਼ਾਂ ਤੋਂ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਖਿਡਾਰੀ ਅਤੇ ਦਰਸ਼ਕ ਇੱਥੇ ਪਹੁੰਚ ਰਹੇ ਹਨ। ਖੇਡਾਂ ਦੇ ਇਨ੍ਹਾਂ ਮੁਕਾਬਲਿਆਂ ਵਿੱਚ ਕਬੱਡੀ, ਕੁਸ਼ਤੀ, ਫੁੱਟਬਾਲ, ਕ੍ਰਿਕਟ, ਹਾਕੀ, ਨੈੱਟਬਾਲ ਅਤੇ ਅਥਲੈਟਿਕਸ ਵਰਗੇ ਰਵਾਇਤੀ ਤੇ ਆਧੁਨਿਕ ਮੁਕਾਬਲਿਆਂ ਵਿੱਚ ਸੈਂਕੜੇ ਟੀਮਾਂ ਆਪਣੀ ਖੇਡ ਕਲਾ ਅਤੇ ਸਰੀਰਕ ਸਮਰੱਥਾ ਦਾ ਮੁਜ਼ਾਹਰਾ ਕਰਨਗੀਆਂ। ਖੇਡ ਮੈਦਾਨਾਂ ਵਿੱਚ ਹੋਣ ਵਾਲੀ 'ਮਾਂ ਖੇਡ ਕਬੱਡੀ' ਖਾਸ ਤੌਰ 'ਤੇ ਦਰਸ਼ਕਾਂ ਲਈ ਖਿੱਚ ਦਾ ਮੁੱਖ ਕੇਂਦਰ ਰਹੇਗੀ, ਜਿਸ ਲਈ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਹਨ। ਇਹ ਖੇਡ ਮੇਲਾ ਸਿਰਫ਼ ਜਿੱਤ-ਹਾਰ ਜਾਂ ਤਗਮਿਆਂ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਆਸਟ੍ਰੇਲੀਆ ਵਰਗੇ ਬਹੁ-ਸੱਭਿਆਚਾਰਕ ਦੇਸ਼ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਲਈ ਆਪਣੀਆਂ ਜੜ੍ਹਾਂ ਨਾਲ ਜੁੜਨ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਦਾ ਇੱਕ ਸੁਨਹਿਰੀ ਮੌਕਾ ਹੈ। ਖੇਡਾਂ ਦੇ ਨਾਲ-ਨਾਲ ਪੰਜਾਬ ਦੇ ਅਮੀਰ ਵਿਰਸੇ ਨੂੰ ਦਰਸਾਉਂਦੇ ਸੱਭਿਆਚਾਰਕ ਪ੍ਰੋਗਰਾਮ, ਗੱਤਕਾ ਪ੍ਰਦਰਸ਼ਨ, ਪੰਜਾਬੀ ਲੋਕ ਨਾਚ ਅਤੇ ਬੱਚਿਆਂ ਲਈ ਕਰਵਾਏ ਜਾਣ ਵਾਲੇ ਵਿਰਾਸਤੀ ਮੁਕਾਬਲੇ ਇਸ ਸਮਾਗਮ ਦੀ ਸ਼ਾਨ ਨੂੰ ਹੋਰ ਵਧਾਉਣਗੇ। ਪ੍ਰਬੰਧਕੀ ਕਮੇਟੀ ਅਨੁਸਾਰ, ਇਸ ਵਾਰ ਰਿਕਾਰਡ ਗਿਣਤੀ ਵਿੱਚ ਸੰਗਤਾਂ ਦੇ ਪਹੁੰਚਣ ਦੀ ਉਮੀਦ ਹੈ, ਜਿਸ ਕਾਰਨ ਸੁਰੱਖਿਆ, ਪਾਰਕਿੰਗ ਅਤੇ ਰਿਹਾਇਸ਼ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਖੇਡ ਮੈਦਾਨਾਂ ਦੇ ਇੱਕ ਹਿੱਸੇ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ, ਜਿੱਥੇ ਸੈਂਕੜੇ ਸੇਵਾਦਾਰ ਦਿਨ-ਰਾਤ ਸੇਵਾ ਨਿਭਾਉਣਗੇ, ਜੋ ਸਿੱਖ ਧਰਮ ਦੀ 'ਸੇਵਾ ਅਤੇ ਸਿਮਰਨ' ਦੀ ਮਰਯਾਦਾ ਨੂੰ ਅੰਤਰਰਾਸ਼ਟਰੀ ਮੰਚ 'ਤੇ ਉਜਾਗਰ ਕਰਦਾ ਹੈ।

ਇਸ ਵਾਰ ਦੀਆਂ ਖੇਡਾਂ ਦਾ ਇੱਕ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਅਤੇ ਗਲਤ ਸੰਗਤ ਤੋਂ ਦੂਰ ਰੱਖ ਕੇ ਖੇਡਾਂ ਅਤੇ ਆਪਣੇ ਸ਼ਾਨਾਮੱਤੇ ਇਤਿਹਾਸ ਵੱਲ ਪ੍ਰੇਰਿਤ ਕਰਨਾ ਵੀ ਹੈ। 2026 ਦੀਆਂ ਇਨ੍ਹਾਂ ਖੇਡਾਂ ਨਾਲ ਜਿੱਥੇ ਸਥਾਨਕ ਆਰਥਿਕਤਾ ਅਤੇ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ, ਉੱਥੇ ਹੀ ਵੱਖ-ਵੱਖ ਦੇਸ਼ਾਂ ਤੋਂ ਆਏ ਲੋਕਾਂ ਵਿੱਚ ਆਪਸੀ ਪ੍ਰੇਮ ਅਤੇ ਮਿਲਵਰਤਣ ਦੀ ਭਾਵਨਾ ਵੀ ਵਧੇਗੀ। ਹੋਟਲ ਇੰਡਸਟਰੀ ਅਤੇ ਸਥਾਨਕ ਪੰਜਾਬੀ ਕਾਰੋਬਾਰੀਆਂ ਵਿੱਚ ਇਸ ਸਮਾਗਮ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਿਆ ਜਾ ਰਿਹਾ ਹੈ ਅਤੇ ਕਈ ਨਾਮਵਰ ਹਸਤੀਆਂ ਦੇ ਵੀ ਇਨ੍ਹਾਂ ਖੇਡਾਂ ਵਿੱਚ ਸ਼ਿਰਕਤ ਕਰਨ ਦੀ ਸੰਭਾਵਨਾ ਹੈ। ਪ੍ਰਬੰਧਕੀ ਕਮੇਟੀ ਨੇ ਸਮੂਹ ਭਾਈਚਾਰੇ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਹੈ ਕਿ ਉਹ ਆਪਣੇ ਪਰਿਵਾਰਾਂ ਸਮੇਤ ਇਨ੍ਹਾਂ ਖੇਡਾਂ ਦਾ ਹਿੱਸਾ ਬਣਨ ਤਾਂ ਜੋ ਸਾਡੀ ਨਵੀਂ ਪੀੜ੍ਹੀ ਆਪਣੇ ਵਿਰਸੇ 'ਤੇ ਮਾਣ ਕਰ ਸਕੇ ਅਤੇ ਆਸਟ੍ਰੇਲੀਆ ਦੀ ਧਰਤੀ 'ਤੇ ਪੰਜਾਬੀਅਤ ਦਾ ਝੰਡਾ ਹੋਰ ਬੁਲੰਦ ਹੋ ਸਕੇ।

# ਮਾਸਟਰ ਕੇਡਰ ਯੂਨੀਅਨ ਨੇ ਕੀਤਾ ਆਨ ਲਾਈਨ ਸਕਰੀਨਿੰਗ ਪੇਪਰ ਚੈਕਿੰਗ ਦਾ ਵਿਰੋਧ



ਜਾਣਕਾਰੀ ਸਾਂਝੀ ਕਰਦੇ ਹੋਏ ਮਾਸਟਰ ਕੇਡਰ ਯੂਨੀਅਨ ਦੇ ਆਗੂ ਗੁਰਮੀਤ ਸਿੰਘ ਭੁੱਲਰ ਅਤੇ ਹੋਰ। |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 24 ਮਾਰਚ

ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਧਾਲੀਵਾਲ, ਸੂਬਾ ਜਨਰਲ ਗੁਰਮੀਤ ਸਿੰਘ ਭੁੱਲਰ ,ਸੂਬਾ ਸਰਪ੍ਰਸਤ ਗੁਰਪ੍ਰੀਤ ਸਿੰਘ ਰਿਆੜ, ਹਰਮਿੰਦਰ ਸਿੰਘ ਉੱਪਲ, ਜੁਆਇੰਟ ਸਕੱਤਰ ਦਲਜੀਤ ਸਿੰਘ ਸੱਬਰਵਾਲ, ਸੀਨੀਅਰ ਮੀਤ ਪ੍ਰਧਾਨ ਹਰਬੰਸ ਲਾਲ, ਅਮਰਵੀਰ ਸਿੰਘ, ਇੰਦਰਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸ਼ਾਂਤਪੁਰੀ, ਜਥੇਬੰਦਕ ਸਕੱਤਰ ਹਰਸੇਵਕ ਸਿੰਘ ਸਾਧੂਵਾਲਾ , ਸੁਖਰਾਜ ਸਿੰਘ ਬੁੱਟਰ ਨੇ ਸਾਂਝੇ ਤੌਰ ਤੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿੱਖਿਆ ਕ੍ਰਾਂਤੀ ਦੇ ਨਾਮ ਤੇ ਪੰਜਾਬ ਸਰਕਾਰ ਪੰਜਾਬ ਦੇ ਅਧਿਆਪਕਾਂ ਤੇ ਨਵੇਂ ਨਵੇਂ ਤਜਰਬੇ ਥੋਪ ਰਹੀ ਹੈ। ਆਮ ਆਦਮੀ ਪਾਰਟੀ ਦੇ ਆਕਾ ਮਨੀਸ਼ ਸਿਸ਼ੋਦੀਆ ਵੱਲੋਂ ਪੰਜਾਬ ਸੂਬੇ ਵਿੱਚ ਆ ਕੇ ਆਪਣੀਆਂ ਮਨ ਮਰਜੀਆਂ ਸਿੱਖਿਆ ਵਿਭਾਗ ਵਿੱਚ ਸਿੱਖਿਆ ਮੰਤਰੀ ਨਾਲ ਮਿਲ ਕੇ ਨਵੇਂ ਨਵੇਂ ਤਜਰਬੇ ਕਰਕੇ ਅਧਿਆਪਕਾਂ ਨੂੰ ਮਾਨਸਿਕ ਪਰੇਸ਼ਾਨ ਕੀਤਾ ਜਾ ਰਿਹਾ ਹੈ। ਜਿਸ ਤਹਿਤ ਪੰਜਾਬ ਦੇ ਸਾਰੇ ਜਿਲ੍ਹਿਆਂ ਦੇ ਸਮਾਜਿਕ ਸਿੱਖਿਆ ਅਧਿਆਪਕਾਂ ਨੂੰ ਦਸਵੀਂ ਜਮਾਤ ਦੇ ਸਮਾਜਿਕ ਦਾ ਪੇਪਰ ਆਨਲਾਈਨ ਚੈੱਕ ਕਰਵਾਉਣ ਲਈ ਦਾ ਨਿਰਦੇਸ ਦਿੱਤਾ ਗਿਆ ਹੈ।ਜਿਸ ਨਾਲ ਸਾਰੇ ਸਮਾਜਿਕ ਸਿੱਖਿਆ ਅਧਿਆਪਕਾਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਆਨਲਾਈਨ ਸਕਰੀਨਿੰਗ ਵਿੱਚ ਸਕੂਲਾਂ ਵਿੱਚ ਕਈ ਸਮੇਂ ਨੈੱਟ ਦੀ ਸਮੱਸਿਆ, ਸਾਈਟ ਦਾ ਹੌਲੀ ਹੋ ਜਾਣਾ ,ਨਿਗ੍ਹਾ ਤੇ ਜਿਆਦਾ ਜ਼ੋਰ ਪੈ ਜਾਣਾ ,ਮਾਨਸਿਕ ਤੌਰ ਤੇ ਦਬਾਅ ,ਅਧਿਆਪਕਾਂ ਵੱਲੋਂ ਟੈਕਨੀਕਲ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਣਾ ,ਇਸ ਨਾਲ ਸਮੇਂ ਦੀ ਬਰਬਾਦੀ ,ਆਦਿ ਸਮੱਸਿਆਵਾਂ ਕਰਕੇ ਆਨਲਾਈਨ ਸਕਰੀਨਿੰਗ ਦਾ ਤਜਰਬਾ ਅਧਿਆਪਕਾਂ ਨੂੰ ਜਾਣ ਬੁਝ ਕੇ ਮਾਨਸਿਕ ਪਰੇਸ਼ਾਨ ਕਰਨਾ ਹੈ | ਜਿਸ ਦਾ ਮਾਸਟਰ ਕੇਡਰ ਯੂਨੀਅਨ ਵਿਰੋਧ ਕੀਤਾ ਜਾਂਦਾ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਤਰ੍ਹਾਂ ਦੇ ਤਜਰਬੇ ਅਧਿਆਪਕਾ ਤੇ ਨਾ ਥੋਪ ਕੇ ਸਿੱਖਿਆ ਨੂੰ ਸਹੀ ਦਿਸ਼ਾ ਵੱਲ ਲਿਜਾਇਆ ਜਾਵੇ ਇਸ ਮੌਕੇ ਮਨਜਿੰਦਰ ਸਿੰਘ ਢਿੱਲੋ ,ਇੰਦਰਪਾਲ ਸਿੰਘ ਮੋਗਾ , ਧਰਮਿੰਦਰ ਗੁਪਤਾ ,ਸ਼ਮਸ਼ੇਰ ਸਿੰਘ ਮੋਗਾ ,ਧਰਮਿੰਦਰ ਸਿੰਘ ਫਰੀਦਕੋਟ , ਪ੍ਰਿਤਪਾਲ ਸਿੰਘ ਰਾਣਾ ਰੋਪੜ,ਬਲਵਿੰਦਰ ਸਿੰਘ ਫਾਜ਼ਿਲਕਾ, ਗੁਰਮੀਤ ਬਰਾੜ ਸ੍ਰੀ ਮੁਕਤਸਰ ਸਾਹਿਬ ਵਿਨੇ ਸ਼ਰਮਾ ਨਵਾਂ ਸ਼ਹਿਰ ਅਸ਼ਵਨੀ ਕੁਮਾਰ ਅੰਮ੍ਰਿਤਸਰ, ਹਰਜਿੰਦਰ ਸਿੰਘ ਫਾਜ਼ਿਲਕਾ ਆਦਿ ਹਾਜ਼ਰ ਸਨ।

# ਆਸ਼ਾ ਵਰਕਰਜ ਯੂਨੀਅਨ ਦਾ ਸਿਵਲ ਸਰਜਨ ਦਫ਼ਤਰ ਵਿਖੇ ਨੌਵੇ ਦਿਨ ਵੀ ਰੋਸ ਪ੍ਰਦਰਸ਼ਨ ਰਿਹਾ ਜਾਰੀ




ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 24 ਮਾਰਚ

ਆਲ ਇੰਡੀਆ ਆਸ਼ਾ ਵਰਕਰਜ ਯੂਨੀਅਨ ਪੰਜਾਬ (ਏਟਕ) ਜ਼ਿਲ੍ਹਾ ਤਰਨ ਤਾਰਨ ਦੇ ਜ਼ਿਲ੍ਹਾ ਆਗੂ ਮਨਦੀਪ ਕੌਰ ਝਬਾਲ, ਮਨਜੀਤ ਕੌਰ ਗੋਹਲਵੜ, ਰਾਜਵਿੰਦਰ ਕੌਰ ਚਾਹਲ, ਸੰਦੀਪ ਕੌਰ ਤਰਨ ਤਾਰਨ, ਦੀ ਅਗਵਾਈ ਵਿਚ ਸਿਵਲ ਸਰਜਨ ਦਫ਼ਤਰ ਤਰਨ ਤਾਰਨ ਵਿਖੇ ਇਕੱਠੇ ਹੋ ਕੇ ਆਪਣੀਆਂ ਮੰਗਾਂ ਦੇ ਸਬੰਧ ਵਿਚ ਅਜ ਨੌਵੇ ਦਿਨ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਸ਼ਾ ਵਰਕਰਜ ਆਗੂਆਂ ਮੰਗ ਕੀਤੀ ਕਿ ਆਸ਼ਾ ਵਰਕਰਜ/ ਫੈਸੀਲਿਟੇਟਰਜ ਪਿਛਲੇ ਅਠਾਰਾਂ ਸਾਲ ਤੋਂ ਬੜੀ ਮਿਹਨਤ ਨਾਲ ਸਿਹਤ ਵਿਭਾਗ ਵਿਚ ਦਿਨ ਰਾਤ ਕੰਮ ਕਰਦੀਆਂ ਹਨ, ਪਰ ਬਦਲੇ ਵਿਚ ਉਹਨਾਂ ਨੂੰ ਨਿਗੂਣੇ ਭੱਤੇ ਅਤੇ ਕੇਵਲ 2500/- ਰੁਪਿਆ ਮਹੀਨੇ ਦਿੱਤਾ ਜਾਂਦਾ ਜੋ ਇਕ ਸਰਕਾਰੀ ਵਰਕਰ ਨਾਲ ਕੋਝਾ ਮਜ਼ਾਕ ਹੈ। ਕਰੋਨਾ ਕਾਲ ਵਿਚ ਜਦੋਂ ਮੌਤ ਤੋਂ ਡਰਦਾ ਕੋਈ ਡਾਰਟਰ ਕਿਸੇ ਵੀ ਮਰੀਜ਼ ਨੂੰ ਦਵਾਈ ਤਾਂ ਕੀ, ਮੂੰਹ ਨਹੀਂ ਸੀ ਦੇਖਣਾ ਚਾਹੁੰਦਾ, ਪਰ ਆਸ਼ਾ ਵਰਕਰਜ ਨੇ ਫਰੰਟ ਲਾਈਨ ਤੇ ਕੰਮ ਕਰਕੇ ਲੋਕਾਂ ਦੀ ਜਾਨ ਬਚਾਉਂਦੀਆਂ ਰਹੀਆਂ ਹਨ। ਪੰਜਾਬ ਸਰਕਾਰ ਨੇ ਉਹਨਾਂ ਨਾਲ ਵਾਅਦਾ ਖਿਲਾਫੀ ਕਰਦਿਆਂ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਨਾ ਤਾਂ ਕਿਸੇ ਭੱਤੇ ਵਿਚ ਵਾਧਾ ਕੀਤਾ ਅਤੇ ਨਾ ਹੀ ਕੋਈ ਬਝਵੀ ਸਨਮਾਨਯੋਗ ਤਨਖਾਹ ਦਿੱਤੀ ਹੈ, ਜਿਸ ਕਰਕੇ ਸਾਨੂੰ ਮਜਬੂਰ ਹੋ ਕੇ 16 ਮਾਰਚ ਤੋਂ 28 ਮਾਰਚ ਤੱਕ ਸਾਰੇ ਕੰਮਾਂ ਦਾ ਬਾਈਕਾਟ ਕਰਨਾ ਪਿਆ। ਇਸ ਕੜੀ ਤਹਿਤ ਪੂਰੇ ਪੰਜਾਬ ਵਿਚ ਰੋਸ ਧਰਨੇ ਪ੍ਰਦਰਸ਼ਨ ਦੌਰਾਨ ਅੱਜ ਨੌਵੇ ਦਿਨ ਵੀ ਸਿਵਲ ਸਰਜਨ ਦਫ਼ਤਰ ਤਰਨ ਤਾਰਨ ਵਿਖੇ ਵੱਡੀ ਗਿਣਤੀ ਚੋ ਇਕੱਠੇ ਹੋ ਕੇ ਨਾਅਰੇਬਾਜੀ ਕਰਦਿਆਂ ਧਰਨਾ ਪ੍ਰਦਰਸ਼ਨ ਕੀਤਾ ਗਿਆ ਅਤੇ ਨਾਲ ਹੀ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਕਿ 25 ਮਾਰਚ ਦੀ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨਾਲ ਹੋਣ ਵਾਲੀ ਮੀਟਿੰਗ ਵਿਚ ਮੰਗਾਂ ਦਾ ਕੋਈ ਹੱਲ ਨਹੀਂ ਨਿਕਲਦਾ ਤਾਂ ਆਸ਼ਾ ਦੇ ਕੰਮਾਂ ਦਾ ਬਾਈਕਾਟ ਜਾਰੀ ਰਹੇਗਾ। ਇਸ ਸਮੇ ਕੁਲਵੰਤ ਕੌਰ ਵੇਈਪੂਈ, ਪ੍ਰਸਿੰਨ ਕੌਰ ਮੰਨਣ, ਜਸਬੀਰ ਕੌਰ ਡਾਲੇਕੇ, ਦਵਿੰਦਰ ਕੌਰ, ਰਵਿੰਦਰ ਕੌਰ, ਨੀਲੂ ਝਬਾਲ, ਰੂਪਵਿੰਦਰ ਕੌਰ, ਪਰਮਜੀਤ ਕੌਰ ਮਾਲੂਵਾਲ, ਪ੍ਰਭਜੀਤ ਕੌਰ, , ਜਗਦੀਸ਼ ਕੌਰ ਬਹਿਲਾ, ਪੂਨਮ ਤਰਨ ਤਾਰਨ, ਪੱਲਵੀ, ਗੁਰਪ੍ਰੀਤ ਕੌਰ ਵਾਂ, ਕੰਵਲ ਕੌਰ ਤਰਨ ਤਾਰਨ, ਅਮਰਜੀਤ ਕੌਰ ਮੰਨਣ, ਸਿੰਦਰਪਾਲ ਕੌਰ ਕੱਦਗਿਲ, ਦਵਿੰਦਰ ਕੌਰ, ਪੂਨਮ ਕੁਮਾਰੀ ਤਰਨ ਤਾਰਨ ਆਦਿ ਆਗੂ ਹਾਜਰ ਸਨ।

# ਸਿਹਤ ਸਿੱਖਿਆ ਦੇ ਅੰਤਰਰਾਸ਼ਟਰੀਕਰਨ ਲਈ 'ਹੱਬ ਐਂਡ ਸਪੋਕ' ਮਾਡਲ ਦੀ ਸਥਾਪਨਾ





**ਫਰੀਦਕੋਟ, 24 ਮਾਰਚ 2026: |**

ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ (BFUHS), ਫਰੀਦਕੋਟ ਵੱਲੋਂ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਭਰ ਦੇ ਨਰਸਿੰਗ ਅਤੇ ਹੈਲਥਕੇਅਰ ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਕਰੀਅਰ ਮੌਕਿਆਂ ਦੇ ਸੁਚਾਰੂ ਅਤੇ ਢਾਂਚਾਗਤ ਰਾਹ ਖੋਲ੍ਹਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਇੰਟਰਐਕਟਿਵ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਵੱਲੋਂ "ਹੱਬ ਐਂਡ ਸਪੋਕ" ਗਲੋਬਲ ਹੈਲਥਕੇਅਰ ਕੋਰੀਡੋਰ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ, ਜਿਸ ਅਧੀਨ BFUHS ਕੇਂਦਰੀ ਪ੍ਰਸ਼ਾਸਕੀ "ਹੱਬ" ਵਜੋਂ ਕੰਮ ਕਰੇਗੀ, ਜਦਕਿ ਪੰਜਾਬ ਭਰ ਦੀਆਂ ਇਸ ਨਾਲ ਸੰਬੰਧਿਤ ਨਰਸਿੰਗ ਕਾਲਜਾਂ ਅਤੇ ਸੰਸਥਾਵਾਂ "ਸਪੋਕ" ਵਜੋਂ ਜੁੜਨਗੀਆਂ।

ਇਹ ਪਹਿਲ ਸਿਹਤ ਸਿੱਖਿਆ, ਸਕਿਲਿੰਗ ਅਤੇ ਟ੍ਰੇਨਿੰਗ ਦੇ ਅੰਤਰਰਾਸ਼ਟਰੀਕਰਨ ਵੱਲ ਇਕ ਮਹੱਤਵਪੂਰਨ ਕਦਮ ਹੈ, ਜਿਸ ਦਾ ਕੇਂਦਰਬਿੰਦੂ ਨਰਸਿੰਗ ਅਤੇ ਐਲਾਇਡ ਹੈਲਥਕੇਅਰ ਵਿਦਿਆਰਥੀਆਂ ਲਈ ਯੂਨਾਈਟਡ ਕਿੰਗਡਮ ਅਤੇ ਜਰਮਨੀ ਵਰਗੇ ਦੇਸ਼ਾਂ ਵਿੱਚ ਕਾਨੂੰਨੀ, ਪਾਰਦਰਸ਼ੀ ਅਤੇ ਹੁਨਰ-ਆਧਾਰਿਤ ਰੋਜ਼ਗਾਰ ਮੌਕਿਆਂ ਤੱਕ ਪਹੁੰਚ ਬਣਾਉਣਾ ਹੈ।

ਇਸ ਇੰਟਰਐਕਟਿਵ ਸੈਸ਼ਨ ਵਿੱਚ ਕਈ ਪ੍ਰਸਿੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਸਤੀਆਂ ਨੇ ਸ਼ਿਰਕਤ ਕੀਤੀ। ਇਨ੍ਹਾਂ ਵਿੱਚ ਮਿਸ ਅਲਬਾ ਸਮੇਰਿਗਲਿਓ, ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ, ਚੰਡੀਗੜ੍ਹ, ਜਿਨ੍ਹਾਂ ਨੇ ਯੂਰਪ ਅਤੇ ਯੂਕੇ ਵਿੱਚ ਸਿਹਤ ਖੇਤਰ ਦੇ ਵਧ ਰਹੇ ਰੋਜ਼ਗਾਰ ਮੌਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ; ਡਾ. ਸੰਦੀਪ ਸਿੰਘ ਕੌਰਾ, ਐਡਵਾਈਜ਼ਰ, ਨੈਸ਼ਨਲ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ (NSDC), ਜਿਨ੍ਹਾਂ ਨੇ ਰਾਸ਼ਟਰੀ ਸਕਿਲ ਡਿਵੈਲਪਮੈਂਟ ਦੀ ਦ੍ਰਿਸ਼ਟੀ ਪੇਸ਼ ਕੀਤੀ; ਮਿਸਟਰ ਜੁਰਗਨ ਡੀਬਸ, ਸੀ.ਈ.ਓ., Auxila Akademie Germany, ਜਿਨ੍ਹਾਂ ਨੇ ਅੰਤਰਰਾਸ਼ਟਰੀ ਵਰਕਫੋਰਸ ਡਿਵੈਲਪਮੈਂਟ ਉੱਤੇ ਚਰਚਾ ਕੀਤੀ; ਮਿਸ ਯੂਟੇ ਸ਼ਾਊਫਲਰ, ਮੈਨੇਜਿੰਗ ਡਾਇਰੈਕਟਰ, Auxila Akademie Germany, ਜਿਨ੍ਹਾਂ ਨੇ ਹੈਲਥਕੇਅਰ-ਵਿਸ਼ੇਸ਼ ਜਰਮਨ ਭਾਸ਼ਾ ਸਿਖਲਾਈ ਦੀ ਮਹੱਤਤਾ ਉਜਾਗਰ ਕੀਤੀ; ਮਿਸਟਰ ਰਾਜਵਿੰਦਰ ਸਿੰਘ, ਸੀ.ਈ.ਓ., Auxila Training Academy India, ਜਿਨ੍ਹਾਂ ਨੇ ਜਰਮਨੀ ਵਿੱਚ ਲਾਇਸੈਂਸ ਪ੍ਰਾਪਤ ਫਾਸਟ-ਟ੍ਰੈਕ ਨਰਸਿੰਗ ਕਰੀਅਰ ਲਈ ਰੋਡਮੈਪ ਪੇਸ਼ ਕੀਤਾ; ਅਤੇ ਮਿਸਟਰ ਕਰਮਜੀਤ ਸਿੰਘ, ਐਫ.ਜੀ.ਐਮ., ਪੰਜਾਬ ਐਂਡ ਸਿੰਧ ਬੈਂਕ, ਜਿਨ੍ਹਾਂ ਨੇ ਇੱਛੁਕ ਅਤੇ ਯੋਗ ਉਮੀਦਵਾਰਾਂ ਲਈ ਸਕਿਲ ਲੋਨ ਅਤੇ ਵਿੱਤੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ।

ਸੈਸ਼ਨ ਦੌਰਾਨ ਇਹ ਵੀ ਰੌਸ਼ਨ ਕੀਤਾ ਗਿਆ ਕਿ ਇਹ ਪਹਿਲ ਹਾਈਬ੍ਰਿਡ ਲਰਨਿੰਗ ਮਾਡਲ 'ਤੇ ਆਧਾਰਿਤ ਹੈ, ਜਿਸ ਵਿੱਚ ਆਨਲਾਈਨ ਅਤੇ ਆਫਲਾਈਨ ਦੋਹਾਂ ਤਰੀਕਿਆਂ ਨਾਲ ਟ੍ਰੇਨਿੰਗ ਮੋਡੀਊਲ ਸ਼ਾਮਲ ਹੋਣਗੇ, ਤਾਂ ਜੋ ਪੰਜਾਬ ਭਰ ਦੀਆਂ ਸੰਬੰਧਿਤ ਸੰਸਥਾਵਾਂ ਦੇ ਵਿਦਿਆਰਥੀ ਆਸਾਨੀ ਨਾਲ ਇਸ ਪ੍ਰੋਗਰਾਮ ਦਾ ਲਾਭ ਲੈ ਸਕਣ। ਇਸ ਯੋਜਨਾ ਦੀ ਇੱਕ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਇਸ ਵਿੱਚ ਜਰਮਨ ਭਾਸ਼ਾ ਦੀ ਵਿਸ਼ੇਸ਼ ਤਾਲੀਮ ਉੱਤੇ ਜ਼ੋਰ ਦਿੱਤਾ ਗਿਆ, ਜਿਸ ਰਾਹੀਂ ਯੋਗ ਉਮੀਦਵਾਰ IELTS ਤੋਂ ਬਿਨਾਂ ਵੀ ਜਰਮਨੀ ਵਿੱਚ ਨਰਸਿੰਗ ਖੇਤਰ ਵਿੱਚ ਕਰੀਅਰ ਬਣਾ ਸਕਣਗੇ। ਇਸ ਲਈ ਉਮਰ ਸੀਮਾ 45 ਸਾਲ ਤੱਕ ਨਿਰਧਾਰਤ ਕੀਤੀ ਗਈ ਹੈ। ਸਭ ਲਈ ਸਮਾਨ ਮੌਕੇ ਯਕੀਨੀ ਬਣਾਉਣ ਦੇ ਉਦੇਸ਼ ਨਾਲ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਸਪਾਂਸਰਸ਼ਿਪ ਅਤੇ ਵਿਸ਼ੇਸ਼ ਸਕਿਲ ਲੋਨ ਦੀ ਸਹੂਲਤ ਪ੍ਰਦਾਨ ਕਰਨ ਦੀ ਜਾਣਕਾਰੀ ਦਿੱਤੀ ਗਈ, ਤਾਂ ਜੋ ਕੋਈ ਵੀ ਯੋਗ ਉਮੀਦਵਾਰ ਵਿੱਤੀ ਕਮੀ ਕਾਰਨ ਇਸ ਮੌਕੇ ਤੋਂ ਵਾਂਝਾ ਨਾ ਰਹਿ ਜਾਵੇ। ਇਸ ਦੌਰਾਨ ਇਹ ਵੀ ਜ਼ੋਰ ਦੇ ਕੇ ਕਿਹਾ ਗਿਆ ਕਿ ਯੂਨੀਵਰਸਿਟੀ ਦੀ ਅਗਵਾਈ ਹੇਠ ਚਲ ਰਹੀ ਇਹ ਪਹਿਲ ਵਿਦਿਆਰਥੀਆਂ ਨੂੰ ਬਿਨਾਂ ਨਿਯਮਤ ਬਿਚੋਲੀਆਂ ਨੂੰ ਵੱਡੀ ਰਕਮ ਅਦਾ ਕਰਨ ਦੀ ਬਜਾਏ ਕਾਨੂੰਨੀ, ਪਾਰਦਰਸ਼ੀ ਅਤੇ ਹੁਨਰ-ਅਧਾਰਿਤ ਅੰਤਰਰਾਸ਼ਟਰੀ ਮੌਕਿਆਂ ਵੱਲ ਪ੍ਰੇਰਿਤ ਕਰੇਗੀ।

ਇਹ ਪਹਿਲ ਵਿਸ਼ਵ ਪੱਧਰ 'ਤੇ ਸਿਹਤ ਖੇਤਰ ਵਿੱਚ ਪੈਦਾ ਹੋ ਰਹੀ ਵੱਡੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਸ਼ੁਰੂ ਕੀਤੀ ਗਈ ਹੈ। ਸੈਸ਼ਨ ਦੌਰਾਨ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ 2030 ਤੱਕ ਯੂਰਪ ਵਿੱਚ 40 ਲੱਖ ਤੋਂ ਵੱਧ ਹੈਲਥਕੇਅਰ ਕਰਮਚਾਰੀਆਂ ਦੀ ਘਾਟ ਹੋ ਸਕਦੀ ਹੈ, ਜਿਸ ਦਾ ਕਾਰਨ ਵਧਦੀ ਉਮਰ ਵਾਲੀ ਅਬਾਦੀ, ਲੰਬੇ ਸਮੇਂ ਦੀਆਂ ਬਿਮਾਰੀਆਂ ਵਿੱਚ ਵਾਧਾ ਅਤੇ ਮੌਜੂਦਾ ਕਰਮਚਾਰੀਆਂ ਦੀ ਰਿਟਾਇਰਮੈਂਟ ਹੈ। ਇਸ ਪ੍ਰੋਗਰਾਮ ਰਾਹੀਂ BFUHS ਦਾ ਉਦੇਸ਼ ਪੰਜਾਬ ਦੇ ਹੁਨਰਮੰਦ ਨੌਜਵਾਨਾਂ ਨੂੰ ਵਿਸ਼ਵ ਸਿਹਤ ਪ੍ਰਣਾਲੀ ਵਿੱਚ ਯੋਗਦਾਨ ਪਾਉਣ ਲਈ ਤਿਆਰ ਕਰਨਾ ਹੈ, ਨਾਲ ਹੀ ਨਰਸਿੰਗ ਅਤੇ ਐਲਾਇਡ ਹੈਲਥਕੇਅਰ ਸਿੱਖਿਆ ਸੰਸਥਾਵਾਂ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ ਵੀ ਹੈ।

ਇਸ ਪਹਿਲ ਦੇ ਵਿਸ਼ਾਲ ਉਦੇਸ਼ਾਂ ਵਿੱਚ ਨਰਸਿੰਗ ਵਿਦਿਆਰਥੀਆਂ ਅਤੇ ਸੰਸਥਾਵਾਂ ਵਿੱਚ ਅੰਤਰਰਾਸ਼ਟਰੀ ਸਿਹਤ ਖੇਤਰ ਦੇ ਮੌਕਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ, ਵਿਦੇਸ਼ੀ ਰੋਜ਼ਗਾਰ ਲਈ ਕਾਨੂੰਨੀ ਅਤੇ ਹੁਨਰ-ਆਧਾਰਿਤ ਰਾਹਾਂ ਨੂੰ ਉਤਸ਼ਾਹਿਤ ਕਰਨਾ ਅਤੇ ਪੰਜਾਬ ਦੀਆਂ ਨਰਸਿੰਗ ਸਿੱਖਿਆ ਸੰਸਥਾਵਾਂ ਵਿੱਚ ਸਮਰੱਥਾ ਵਿਕਾਸ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।

ਇਸ ਮੌਕੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਪੰਜਾਬ ਭਰ ਦੀਆਂ ਨਰਸਿੰਗ ਕਾਲਜਾਂ ਅਤੇ ਸੰਬੰਧਿਤ ਸੰਸਥਾਵਾਂ, ਅਕਾਦਮਿਕ ਪ੍ਰਸ਼ਾਸਕ, ਡੀਨ, ਪ੍ਰਿੰਸੀਪਲ, ਫੈਕਲਟੀ ਮੈਂਬਰ, Auxila Group ਵਜੋਂ ਗਲੋਬਲ ਸਕਿਲ ਟ੍ਰੇਨਿੰਗ ਪ੍ਰੋਵਾਈਡਰ, TAKT Group ਵਜੋਂ ਰਿਕਰੂਟਮੈਂਟ ਭਾਗੀਦਾਰ ਅਤੇ ਹੋਰ ਭਾਰਤੀ ਸਹਿਯੋਗੀ ਇਕੱਠੇ ਹੋਏ।

ਇਸ ਮੀਟਿੰਗ ਦੀ ਅਧਿਆਕਸ਼ਤਾ ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ, BFUHS ਵੱਲੋਂ ਕੀਤੀ ਗਈ। ਇਸ ਦੌਰਾਨ ਮਿਸਟਰ ਅਰਵਿੰਦ ਕੁਮਾਰ, ਰਜਿਸਟਰਾਰ; ਡਾ. ਰੋਹਿਤ ਚੋਪੜਾ, ਐਡੀਸ਼ਨਲ ਰਜਿਸਟਰਾਰ; ਡਾ. ਦੀਪਕ ਜੌਨ ਭੱਟੀ, ਡੀਨ; ਪ੍ਰੋ. (ਡਾ.) ਜਸਬੀਰ ਕੌਰ, ਪ੍ਰਿੰਸੀਪਲ, ਯੂਨੀਵਰਸਿਟੀ ਇੰਸਟੀਚਿਊਟ ਆਫ ਐਲਾਇਡ ਐਂਡ ਹੈਲਥਕੇਅਰ ਸਾਇੰਸਜ਼ (UIAHS), BFUHS; ਅਤੇ ਮਿਸਟਰ ਸਮੀਰ ਕਾਂਤ ਆਹੂਜਾ, ਲਾਇਜ਼ਨ ਐਂਡ ਕੋਆਰਡੀਨੇਸ਼ਨ ਅਫਸਰ ਵੀ ਹਾਜ਼ਰ ਰਹੇ।

ਅੰਤ ਵਿੱਚ ਪ੍ਰੋ. (ਡਾ.) ਜਸਬੀਰ ਕੌਰ, ਪ੍ਰਿੰਸੀਪਲ, ਯੂਨੀਵਰਸਿਟੀ ਇੰਸਟੀਚਿਊਟ ਆਫ ਐਲਾਇਡ ਐਂਡ ਹੈਲਥਕੇਅਰ ਸਾਇੰਸਜ਼ (UIAHS), BFUHS ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।




# ਅੰਮ੍ਰਿਤਸਰ ਮੋਰਚੇ ਦੇ ਹੱਕ 'ਚ ਕਿਸਾਨਾਂ ਨੇ ਰੋਕੀਆਂ ਰੇਲਾਂ; ਰਿਹਾਈ ਤੱਕ ਚੱਕਾ ਜਾਮ ਰਹੇਗਾ ਬਰਕਰਾਰ



**ਚੋਹਲਾ ਸਾਹਿਬ 24 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ ਅਤੇ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਦੀ ਅਗਵਾਈ ਹੇਠ ਕਿਸਾਨਾਂ ਨੇ ਗੋਲਵੜ ਵਿਖੇ ਰੇਲ ਰੋਕ ਕੇ ਕੀਤਾ ਵਿਰੋਧ ਪ੍ਰਦਰਸ਼ਨ। ਕਿਸਾਨਾਂ ਨੂੰ ਸੰਬੋਧਿਤ ਕਰਦੇ ਹੋਏ ਜ਼ਿਲ੍ਹਾ ਖਜਾਨਚੀ ਫਤਿਹ ਸਿੰਘ ਪਿੱਦੀ, ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਨੂਰਦੀ, ਦਿਆਲ ਸਿੰਘ ਮੀਆਂਵਿੰਡ, ਰੇਸ਼ਮ ਸਿੰਘ ਘੁਰਕਵਿੰਡ, ਹਰਬਿੰਦਰਜੀਤ ਸਿੰਘ ਕੰਗ ਨੇ ਕਿਹਾ ਕੀ ਸਰਕਾਰ ਨੇ ਤਾਨਾਸ਼ਾਹੀ ਰਵੱਈਆ ਅਪਣਾਇਆ ਹੋਇਆ ਹੈ। ਉਹਨਾਂ ਕਿਹਾ ਸਰਕਾਰ ਮੰਨੀਆਂ ਹੋਈਆਂ ਮੰਗਾਂ ਤੋਂ ਅੱਜ ਮੁਕਰ ਰਹੀ ਹੈ। ਜਦ ਕਿਸਾਨ ਉਨਾਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਆਪਣੇ ਹੀ ਜ਼ਿਲ੍ਹੇ ਦੇ ਡੀਸੀ ਕੋਲ ਰੋਸ ਪ੍ਰਦਰਸ਼ਨ ਕਰਨ ਲਈ ਗਏ ਤਾਂ ਭਗਵੰਤ ਮਾਨ ਦੀ ਸ਼ਹਿ ਤੇ ਪ੍ਰਸ਼ਾਸਨ ਨੇ ਵੱਡੀ ਗਿਣਤੀ ਵਿੱਚ ਕਿਸਾਨਾਂ ਤੇ ਲਾਠੀ ਚਾਰਜ ਕੀਤਾ । ਉਹਨਾਂ ਨੂੰ ਗ੍ਰਿਫਤਾਰ ਕਰਕੇ ਥਾਣਿਆਂ ਵਿੱਚ ਭੇਜ ਦਿੱਤਾ ਜਿਸ ਵਿੱਚ ਕਿਸਾਨ ਮਜ਼ਦੂਰ ਮੋਰਚੇ ਦੇ ਵੱਡੇ ਆਗੂ ਸਰਵਨ ਸਿੰਘ ਪੰਧੇਰ, ਜਸਵਿੰਦਰ ਸਿੰਘ ਲੌਂਗੋਵਾਲ ,ਰਣਜੀਤ ਸਿੰਘ ਕਲੇਰ ਬਾਲਾ ,ਡਾ ਕਵਰਦਲੀਪ, ਜਰਮਨਜੀਤ ਬੰਡਾਲਾ ਆਦਿ ਆਗੂ ਵੱਡੀ ਗਿਣਤੀ ਵਿੱਚ ਥਾਣਿਆਂ ਵਿੱਚ ਗ੍ਰਿਫਤਾਰ ਕੀਤੇ ਗਏ। ਤੇ ਕਿਸਾਨਾਂ ਤੇ ਲਾਠੀ ਚਾਰਜ ਕੀਤਾ ਗਿਆ। ਜਿਸ ਦੇ ਵਿਰੋਧ ਵਿੱਚ ਪੰਜਾਬ ਭਰ ਵਿੱਚ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਰੋਸ ਪ੍ਰਦਰਸ਼ਨ ਕੀਤਾ ।ਜਿਸ ਤਰ੍ਹਾਂ ਜ਼ਿਲ੍ਹਾ ਤਰਨ ਤਾਰਨ ਵਿੱਚ ਰੇਲਵੇ ਟਰੈਕ ਗੋਲਵੜ ਵਿਖੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਰੇਲ ਦਾ ਚੱਕਾ ਜਾਮ ਕੀਤਾ। ਉਸੇ ਤਰ੍ਹਾਂ ਗੁਰਦਾਸਪੁਰ ਅਤੇ ਹੋਰ ਕਈ ਜ਼ਿਲਿਆਂ ਦੇ ਵਿੱਚ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਆਪਣੇ ਕਿਸਾਨ ਆਗੂਆਂ ਨੂੰ ਛਡਵਾਉਣ ਲਈ ਰੋਸ ਪ੍ਰਦਰਸ਼ਨ ਕੀਤਾ। ਕਿਸਾਨਾਂ ਨੇ ਕਿਹਾ ਕਿ ਰੇਲਾਂ ਦੇ ਟਰੈਕਾਂ ਤੇ ਬੈਠਣਾ ਸਾਡਾ ਕੋਈ ਸ਼ੌਂਕ ਨਹੀਂ ਉਹਨਾਂ ਨੇ ਕਿਹਾ ਕਿ ਕਿਸਾਨ ਕਦੀ ਵੀ ਗੱਲਬਾਤ ਤੋਂ ਭੱਜਦੇ ਨਹੀਂ 4 ਵਾਰ ਭਗਵੰਤ ਮਾਨ ਵੱਲੋਂ ਕਿਸਾਨਾਂ ਨਾਲ ਮੀਟਿੰਗ ਦਾ ਵਾਅਦਾ ਕੀਤਾ ਗਿਆ ਤੇ ਹਰ ਵਾਰ ਭਗਵੰਤ ਸਰਕਾਰ ਵੱਲੋਂ ਮੀਟਿੰਗ ਰੱਦ ਕਰ ਦਿੱਤੀ ਗਈ ਜਿਸ ਵਿੱਚ ਕਿਸਾਨਾਂ ਦੀਆਂ ਮੰਗਾਂ ਜਿਵੇਂ ਬਿਜਲੀ ਸੋਧ ,ਬਿੱਲ ਬੀਜ ਸੋਧ ਬਿੱਲ ,ਹੜ੍ਹਾਂ ਦਾ ਮੁਆਵਜ਼ਾ, ਸ਼ੰਭੂ ਖਨੌਰੀ ਤੇ ਹੋਏ ਨੁਕਸਾਨ ਦੀ ਭਰਭਾਈ,ਚਾਰ ਲੇਬਰ ਕੋਡ ਕਾਨੂੰਨ, ਝੂਠੇ ਮੁਕਾਬਲਿਆਂ ਦੀ ਜਾਂਚ ਆਦਿ ਮੰਗਾਂ ਅਤੇ ਕਿਸਾਨਾਂ ਦੀ ਰਿਹਾਈ ਤੱਕ ਮੋਰਚਾ ਜਾਰੀ ਰਹੇਗਾ ਜੇਕਰ ਸਰਕਾਰ ਇਸ ਦਾ ਕੋਈ ਹੱਲ ਨਹੀਂ ਕੱਢਦੀ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਏਗਾ। ਇਸ ਮੌਕੇ ਸਲਵਿੰਦਰ ਸਿੰਘ ਜੀਉਬਾਲਾ, ਪਰਮਜੀਤ ਸਿੰਘ ਛੀਨਾ, ਕੁਲਵਿੰਦਰ ਸਿੰਘ ਕੈਰੋਮਵਾਲ, ਮਨਜਿੰਦਰ ਸਿੰਘ ਗੋਹਲਵੜ, ਸੁਖਚੈਨ ਸਿੰਘ ਅੱਲੋਵਾਲ, ਮੁਖਤਾਰ ਸਿੰਘ ਬਿਹਾਰੀਪੁਰ, ਬਲਜਿੰਦਰ ਸਿੰਘ ਸੈਰੋ, ਕੁਲਵੰਤ ਸਿੰਘ ਭੈਲ, ਕੁਲਵੰਤ ਸਿੰਘ ਢੋਟੀਆਂ, ਗੁਰਭੇਜ ਸਿੰਘ ਧਾਰੀਵਾਲ, ਆਤਮਾ ਸਿੰਘ ਘਰਿਆਲੀ,ਮਨਜੀਤ ਸਿੰਘ ਕਰਮੂਵਾਲਾ, ਇਕਬਾਲ ਸਿੰਘ ਵੜਿੰਗ,ਮੇਹਰ ਸਿੰਘ ਤਲਵੰਡੀ, ਦਿਲਬਾਗ ਸਿੰਘ ਪਹੁਵਿੰਡ , ਨਿਰੰਜਨ ਸਿੰਘ ਬਗਰਾੜੀ, ਲਖਵਿੰਦਰ ਸਿੰਘ ਪਲਾਸੁਰ ਆਦਿ ਆਗੂ ਹਾਜ਼ਰ ਸਨ।

# ਅਕਾਲੀ ਆਗੂ ਪੱਖੋਪੁਰ ਵੱਲੋਂ ਨਵ-ਨਿਯੁਕਤ ਪ੍ਰਧਾਨ ਮਨਜਿੰਦਰ ਲਾਟੀ ਸਨਮਾਨਿਤ



**ਚੋਹਲਾ ਸਾਹਿਬ 24 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਬੀਤੇ ਦਿਨੀਂ ਚੋਹਲਾ ਸਾਹਿਬ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਲਾਟੀ ਪੰਜਾਬ ਮੋਟਰਜ਼ ਵਾਲਿਆਂ ਨੂੰ ਉਹਨਾਂ ਨੂੰ ਵੱਲੋਂ ਪਾਰਟੀ ਪ੍ਰਤੀ ਨਿਭਾਈਆਂ ਜਿੰਮੇਵਾਰੀਆਂ ਨੂੰ ਵੇਖਦੇ ਹੋਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ,ਹੀਰਾ ਸਿੰਘ ਗਾਬੜੀਆ ਪੰਜਾਬ ਪ੍ਰਧਾਨ ਬੀਸੀਸੈੱਲ,ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਅਤੇ ਜਥੇਦਾਰ ਸਤਨਾਮ ਸਿੰਘ ਸੱਤਾ ਬਲਾਕ ਸੰਮਤੀ ਮੈਂਬਰ ਵੱਲੋਂ ਜਿਲ੍ਹਾ ਤਰਨ ਤਾਰਨ ਦੇ ਬੀਸੀਸੈੱਲ ਦੇ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਸਮੇਂ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦੱਸਿਆ ਕਿ ਮਨਜਿੰਦਰ ਸਿੰਘ ਲਾਟੀ ਇੱਕ ਸੂਝਵਾਨ ਆਗੂ ਹੈ ਜੋ ਲੰਮੇ ਸਮੇਂ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨਾਲ ਜੁੜਿਆ ਹੋਇਆ ਹੈ ਅਤੇ ਇਸਦੇ ਪਿਤਾ ਵੀ ਲੰਮੇ ਸਮੇਂ ਤੋਂ ਪਾਰਟੀ ਲਈ ਦਿਨ ਰਾਤ ਇੱਕ ਕਰ ਰਹੇ ਹਨ।ਉਹਨਾਂ ਦੱਸਿਆ ਕਿ ਮਨਜਿੰਦਰ ਸਿੰਘ ਲਾਟੀ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਜਿਲ੍ਹਾ ਤਰਨ ਤਾਰਨ ਦੇ ਬੀਸੀਸੈੱਲ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਜਿਸਤੇ ਸਮੂਹ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਹਮੇਸ਼ਾਂ ਮਿਹਨਤੀ ਵਰਕਰਾਂ ਦਾ ਸਤਿਕਾਰ ਕਰਦੀ ਆਈ ਹੈ ਅਤੇ ਕਰਦੀ ਰਹੇਗੀ ਇਸੇ ਅੱਜ ਸੀਨੀਅਰ ਅਕਾਲੀ ਆਗੂ ਜਗਰੂਪ ਸਿੰਘ ਪੱਖੋਪੁਰ ਅਤੇ ਕੁਰਿੰਦਰਜੀਤ ਸਿੰਘ ਨਿੱਕਾ ਚੋਹਲਾ ਵੱਲੋਂ ਮਲਜਿੰਦਰ ਸਿੰਘ ਲਾਟੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਗਿਆ ਹੈ ਅਤੇ ਪ੍ਰਧਾਨ ਮਨਜਿੰਦਰ ਸਿੰਘ ਲਾਟੀ ਨਾਲ ਵਾਅਦਾ ਕੀਤਾ ਕਿ ਉਹ ਹਮੇਸ਼ਾਂ ਉਹਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜਕੇ ਖੜ੍ਹੇ ਹਨ।

# ਭਾਈ ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਸ. ਤਜਿੰਦਰ ਸਿੰਘ ਭੁੱਲਰ ਦੇ ਚਲਾਣੇ 'ਤੇ ਐਡਵੋਕੇਟ ਧਾਮੀ ਵੱਲੋਂ ਦੁੱਖ ਪ੍ਰਗਟ



ਅੰਮ੍ਰਿਤਸਰ, 22 ਮਾਰਚ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਰੀਬ ਤਿੰਨ ਦਹਾਕਿਆਂ ਤੋਂ ਜੇਲ੍ਹ ਅੰਦਰ ਨਜ਼ਰਬੰਦ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਸ. ਤੇਜਿੰਦਰ ਸਿੰਘ ਭੁੱਲਰ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕੌਮੀ ਯੋਧੇ ਭਾਈ ਦਵਿੰਦਰਪਾਲ ਸਿੰਘ ਦਾ ਸਿੱਖ ਪੰਥ ਅੰਦਰ ਵੱਡਾ ਸਤਿਕਾਰ ਹੈ ਅਤੇ ਉਨ੍ਹਾਂ ਦੇ ਭਰਾ ਸ. ਤੇਜਿੰਦਰ ਸਿੰਘ ਭੁੱਲਰ ਦੇ ਅਮਰੀਕਾ ਅੰਦਰ ਅਕਾਲ ਚਲਾਣਾ ਕਰ ਜਾਣ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਕੌਮੀ ਸੰਘਰਸ਼ ਨੂੰ ਸਮਰਪਿਤ ਇਸ ਪਰਿਵਾਰ ਦੇ ਜੀਅ ਦਾ ਤੁਰ ਜਾਣਾ ਪੰਥ ਲਈ ਵੀ ਉਨ੍ਹਾਂ ਹੀ ਦੁਖਦਾਈ ਹੈ ਜਿਨ੍ਹਾਂ ਕਿ ਉਨ੍ਹਾਂ ਦੇ ਪਰਿਵਾਰ ਲਈ। ਉਨ੍ਹਾਂ ਭਾਈ ਦਵਿੰਦਰਪਾਲ ਸਿੰਘ ਭੁੱਲਰ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਣਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰਨ ।

# ਹੜ੍ਹਾਂ ਨਾਲ ਤਬਾਹ ਹੋਈਆਂ ਸਰਕਾਰੀ ਜ਼ਮੀਨਾਂ ਦੀਆਂ ਫ਼ਸਲਾਂ ਲਈ ਮੁਆਵਜ਼ਾ ਦੇਵੇਗੀ ਪੰਜਾਬ ਸਰਕਾਰ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 24 ਮਾਰਚ ।**

ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ, ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਹਲਕਾ ਅਜਨਾਲਾ ਦੇ ਖੇਤਰ 'ਚ ਕੌਮਾਂਤਰੀ ਭਾਰਤ –ਪਾਕਿ ਸਰਹੱਦ ਤੇ ਸੁਰੱਖਿਆ ਵੱਜੋਂ ਲੱਗੀ ਕੰਢਿਆਲੀ ਤਾਰ ਤੋਂ ਆਰ –ਪਾਰ ਸਰਕਾਰੀ ਜਮੀਨਾਂ ਤੇ ਖੇਤੀ ਕਰਦੇ ਕਿਸਾਨਾਂ /ਅੰਨ ਉਤਪਾਦਕਾਂ ਸਮੇਤ ਜ਼ਿਲ੍ਹੇ ਭਰ 'ਚ ਕਰੀਬ 2800 ਏਕੜ ਸਰਕਾਰੀ ਜਮੀਨਾਂ 'ਤੇ ਖੇਤੀ ਕਰਨ ਵਾਲੇ ਉਨ੍ਹਾਂ ਪ੍ਰਭਾਵਿਤ ਕਿਸਾਨਾਂ ਨੂੰ ਜਲਦੀ ਹੀ 20 ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤੀ ਫਸਲਾਂ ਦਾ ਮੁਆਵਜਾ ਜਾਰੀ ਹੋਣ ਜਾ ਰਿਹਾ ਹੈ।ਜਿੰਨਾਂ ਕਿਸਾਨਾਂ ਦੀਆਂ ਪਿਛਲੇ ਵਰ੍ਹੇ ਅਗਸਤ -ਸਤੰਬਰ ਮਹੀਨੇ 'ਚ ਕੁਦਰਤੀ ਆਫਤ ਭਿਅੰਕਰ ਹੜ੍ਹਾਂ ਦੀ ਮਾਰ ਹੇਠ ਫਸਲਾਂ ਬਰਬਾਦ ਹੋ ਗਈਆਂ ਸਨ। ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜਾ ਦੇਣ ਲਈ ਜ਼ਿਲਾਹ ਪ੍ਰਸ਼ਾਸ਼ਨ ਵਲੋਂ ਉਚਿਤ , ਸੁਚਾਰੂ ਤੇ ਪਾਰਦਰਸ਼ੀ ਪ੍ਰਬੰਧ ਕਰ ਲਏ ਗਏ ਹਨ। ਜਦੋਂਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਅਜਿਹੀ ਪਹਿਲੀ ਸਰਕਾਰ ਹੈ, ਜੋ ਸਰਕਾਰੀ ਜਮੀਨਾਂ ਦੀਆਂ ਹੜ੍ਹਾਂ 'ਚ ਤਬਾਹ ਹੋਈਆਂ ਫਸਲਾਂ ਦਾ ਮੁਆਵਜਾ ਦੇਣ ਜਾ ਰਹੀ ਹੈ। ਸ. ਧਾਲੀਵਾਲ ਨੇ ਅੱਜ ਇਹ ਐਲਾਨ ਹਲਕਾ ਅਜਨਾਲਾ ਦੇ ਸਰਹੱਦੀ ਤੇ ਰਾਵੀ ਦਰਿਆ ਕੰਢੇ ਵੱਸੇ ਪਿੰਡ ਬੱਲ ਲੱਭੇ ਦਰਿਆ ਪੱਤਣ ਤੋਂ ਪਾਰ ਜਾ ਕੇ ਖੇਤੀ ਕਰਨ ਵਾਲੇ ਨੇੜੇ-ਤੇੜੇ ਦੇ ਦਰਜਨਾਂ ਪਿੰਡਾਂ ਦੇ ਕਿਸਾਨਾਂ ਤੇ ਖੇਤ ਮਜਦੂਰਾਂ ਦੀ ਸਹੂਲਤ ਲਈ 10 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕਰਵਾਏ 2 ਵੱਡੇ ਬੇੜੇ ਭੇਂਟ ਕਰਨ ਮੌਕੇ ਸਰਹੱਦੀ ਤੇ ਸਰਕਾਰੀ ਜਮੀਨਾਂ ਤੇ ਖੇਤੀ ਕਰਦੇ ਕਿਸਾਨਾਂ ਦੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਨੇ ਭਾਰਤ ਪਾਕਿ ਕੌਮਾਂਤਰੀ ਸਰਹੱਦ ਨਾਲ ਢੁਕਦੇ 543 ਕਿਲੋਮੀਟਰ ਸਰਹੱਦੀ ਖੇਤਰ ਦੇ ਪਿੰਡਾਂ ਤੇ ਕਸਬਿਆਂ ਦੇ ਕਿਸਾਨਾਂ ਤੇ ਖੇਤ ਮਜਦੂਰਾਂ ਵੱਲੋਂ ਕੌਮੀ ਅੰਨ ਭੰਡਾਰ 'ਚ ਆਪਣਾ ਉਚਿਤ ਹਿੱਸਾ ਅਨੇਕਾਂ ਅਣਸੁਖਾਵੀਆਂ ਹਾਲਤਾਂ ਦੇ ਬਾਵਜੂਦ ਪਾਏ ਜਾਣ ਲਈ ਜਿੱਥੇ ਭਰਵੀਂ ਪ੍ਰਸੰਸਾ ਕੀਤੀ, ਉਥੇ ਕੇਂਦਰੀ ਸਰਕਾਰ ਵਲੋਂ ਸਰਹੱਦੀ ਖੇਤਰ ਦੇ ਕਿਸਾਨਾਂ , ਖੇਤ ਮਜਦੂਰਾਂ ਸਮੇਤ ਆਮ ਨਾਗਰਿਕਾਂ ਨੂੰ ਵਿਕਾਸ , ਰੁਜਗਾਰ, ਤੇ ਹੋਰ ਸਹੂਲਤਾਂ ਪੱਖੋਂ ਵਿਸ਼ੇਸ਼ ਦਰਜਾ ਦੇਣ ਤੋਂ ਅਣਗੌਲੇ ਕਰਕੇ ਮਤਰੇਈ ਮਾਂ ਵਾਲਾ ਸਲੂਕ ਕੀਤੇ ਜਾਣ ਦੀ ਨਿੰਦਾ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਕੌਮਾਂਤਰੀ ਸਰਹੱਦ ਤੇ ਤਾਇਨਾਤ ਬੀਐਸਐਫ ਪਿੱਛੋਂ ਸਰਹੱਦੀ ਪਿੰਡਾਂ ਤੇ ਕਸਬਿਆਂ ਦੇ ਨਾਗਰਿਕ ਗੁਆਂਢੀ ਮੁਲਕ ਪਾਕਿਸਤਾਨ ਦੀਆਂ ਭਾਰਤ ਵਿਰੋਧੀ ਸਾਜਿਸ਼ਾਂ ਨੂੰ ਨਾਕਾਮ ਕਰਨ 'ਚ ਦੂਸਰੀ ਸੁਰੱਖਿਆ ਪੰਕਤੀ ਵੱਜੋਂ ਭੂਮਿਕਾ 'ਚ ਹਰ ਔਖੇ ਵੇਲੇ ਤੱਤਪਰ ਰਹਿੰਦੇ ਹਨ। ਸ. ਧਾਲੀਵਾਲ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਹਲਕਾ ਅਜਨਾਲਾ 'ਚੋਂ ਲੰਘਦੇ ਕੌਮਾਂਤਰੀ ਰਾਵੀ ਦਰਿਆ 'ਚ ਆਏ ਭਿਅੰਕਰ ਹੜ੍ਹਾਂ ਦੀ ਮਾਰ ਕਾਰਣ ਜਿੰਨ੍ਹਾਂ 23 ਥਾਵਾਂ ਤੇ ਧੁੱਸੀ ਬੰਨ 'ਚ ਪਾੜ ਪਏ ਸਨ, ਉਨ੍ਹਾਂ ਥਾਵਾਂ ਨੂੰ ਮਜਬੂਤ ਕਰਨ ਲਈ ਸਿੰਚਾਈ ਵਿਭਾਗ ਨੂੰ 30 ਜੂਨ ਤੱਕ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਜਦੋਂਕਿ ਧੁੱਸੀ ਬੰਨ੍ਹ ਦੇ ਪਾੜ ਨੂੰ ਮਜਬੂਤ ਕਰਨ ਲਈ ਸਿੰਚਾਈ ਵਿਭਾਗ ਵਲੋਂ ਜੰਗੀ ਪੱਧਰ ਤੇ ਕੰਮ ਵਿੱਢਿਆ ਹੋਇਆ ਹੈ ਅਤੇ ਭਵਿੱਖ ਵਿੱਚ ਹੜ੍ਹਾਂ ਦੀ ਰੋਕਥਾਮ ਲਈ ਸੰਵੇਦਣਸ਼ੀਲ ਧੁੱਸੀ ਬੰਨ੍ਹ ਥਾਵਾਂ ਨੂੰ ਮਜਬੂਤ ਕਰਨ ਲਈ ਮਾਨ ਸਰਕਾਰ ਵਲੋਂ ਕਰੋੜਾਂ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ।


ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ

ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410

ਸਰਹਾਲੀ ESTD. 1970

Website : ggskcsarhali.ac.in E-mail : ggscollegesarhali@yahoo.co.in

For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ

